# ਪ੍ਰਤੀਨਿਧੀਆਂ ਦੇ ਬਿਆਨ - 2021 National Summit on Women's Safety ( 2021ਮਹਿਲਾ ਸੁਰੱਖਿਆ 'ਤੇ ਰਾਸ਼ਟਰੀ ਸੰਮੇਲਨ)

## ਉਦੇਸ਼ ਅਤੇ ਪਿਛੋਕੜ

ਹਰ ਕਿਸੇ ਨੂੰ ਸੁਰੱਖਿਆ ਦਾ ਅਧਿਕਾਰ ਹੈ। ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਸਮੇਤ ਲਿੰਗ-ਆਧਾਰਿਤ ਹਿੰਸਾ ਦੇ ਸਾਰੇ ਰੂਪਾਂ ਨਾਲ ਨਜਿੱਠਣਾ, ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਤੋਂ ਮੁਕਤ ਭਾਈਚਾਰੇ ਦੇ ਸਾਡੇ ਸਾਂਝੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਸਾਰੇ ਆਸਟ੍ਰੇਲੀਅਨਾਂ ਲਈ ਤਰਜ਼ੀਹ ਹੋਣੀ ਚਾਹੀਦੀ ਹੈ।

(ਸੰਮੇਲਨ) National Summit on Women's Safety (ਮਹਿਲਾ ਸੁਰੱਖਿਆ 'ਤੇ ਰਾਸ਼ਟਰੀ ਸੰਮੇਲਨ) 6 ਅਤੇ 7 ਸਤੰਬਰ 2021 ਨੂੰ ਹੋਇਆ ਸੀ, ਜਿਸ ਵਿੱਚ 2 ਅਤੇ 3 ਸਤੰਬਰ 2021 ਨੂੰ ਵਿਸ਼ਾ ਅਧਾਰਿਤ ਚਰਚਾ ਹੋਈ ਸੀ। ਲਗਭਗ 400 ਲੋਕ, ਜਿਨ੍ਹਾਂ ਵਿੱਚ ਲਿੰਗ-ਆਧਾਰਿਤ ਹਿੰਸਾ ਦਾ ਅਨੁਭਵ ਵਾਲੇ ਲੋਕ, ਅਕਾਦਮਿਕ ਅਤੇ ਖੋਜਕਰਤਾ, ਵਕੀਲ, ਕਾਰੋਬਾਰੀ ਨੇਤਾ ਅਤੇ ਸੰਸਦ ਮੈਂਬਰ ਇਸ ਗੱਲ 'ਤੇ ਚਰਚਾ ਕਰਨ ਲਈ ਇਕੱਠੇ ਹੋਏ ਸਨ ਕਿ ਅਸੀਂ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਖਤਮ ਕਰਨ ਲਈ ਕਿਵੇਂ ਮਿਲ ਕੇ ਕੰਮ ਕਰ ਸਕਦੇ ਹਾਂ।

ਇਹ ਵਿਚਾਰ-ਵਟਾਂਦਰੇ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਲਈ National Plan (ਰਾਸ਼ਟਰੀ ਯੋਜਨਾ) ਦੇ ਤਹਿਤ ਕਾਰਵਾਈਆਂ ਬਾਰੇ ਸੂਚਿਤ ਕਰਨਗੇ (ਅਗਲੀ ਰਾਸ਼ਟਰੀ ਯੋਜਨਾ ਵਿੱਚ)।

National Federation Reform Council Women's Safety Taskforce (Taskforce) (ਨੈਸ਼ਨਲ ਫੈਡਰੇਸ਼ਨ ਰਿਫਾਰਮ ਕੌਂਸਲ ਵੂਮੈਨ'ਜ਼ ਸੇਫ਼ਟੀ ਟਾਸਕਫੋਰਸ (ਟਾਸਕਫੋਰਸ)), ਜੋ ਕਿ ਰਾਸ਼ਟਰਮੰਡਲ, ਰਾਜ ਅਤੇ ਪ੍ਰਦੇਸ਼ Women's Safety Ministers (ਮਹਿਲਾ ਸੁਰੱਖਿਆ ਮੰਤਰੀਆਂ) ਦੀ ਬਣੀ ਹੋਈ ਹੈ, ਦੀ ਜ਼ਿੰਮੇਵਾਰੀ ਅਗਲੀ ਰਾਸ਼ਟਰੀ ਯੋਜਨਾ ਨੂੰ ਵਿਕਸਤ ਕਰਨ ਦੀ ਹੈ। ਇਹ ਅਗਲੀ ਰਾਸ਼ਟਰੀ ਯੋਜਨਾ (National Plan) ਲਿੰਗ-ਆਧਾਰਿਤ ਹਿੰਸਾ ਨੂੰ ਖ਼ਤਮ ਕਰਨ ਲਈ ਸਾਰੀਆਂ ਸਰਕਾਰਾਂ ਦੁਆਰਾ ਕੀਤੇ ਜਾ ਰਹੇ ਖ਼ਰਚੇ ਦਾ ਮਾਰਗਦਰਸ਼ਨ ਕਰਨ ਦਾ ਮੁੱਖ ਸਾਧਨ ਹੋਵੇਗੀ। ਇਸ ਵਿੱਚ ਇਹ ਸ਼ਾਮਲ ਹੈ ਕਿ ਅਸੀਂ National Agreement on Closing the Gap (National Agreement) (ਪਾੜੇ ਨੂੰ ਬੰਦ ਕਰਨ ਦੇ ਰਾਸ਼ਟਰੀ ਸਮਝੌਤੇ (ਰਾਸ਼ਟਰੀ ਸਮਝੌਤਾ)) ਦੇ ਟੀਚੇ 13 ਨੂੰ ਕਿਵੇਂ ਪ੍ਰਾਪਤ ਕਰਾਂਗੇ। ਇਸ National Agreement (ਰਾਸ਼ਟਰੀ ਸਮਝੌਤੇ) ਦਾ ਟੀਚਾ ਜ਼ੀਰੋ ਵੱਲ ਵੱਧਣ ਦੇ ਰੂਪ ਵਿੱਚ, 2031 ਤੱਕ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਔਰਤਾਂ ਅਤੇ ਲੜਕੀਆਂ ਵਿਰੁੱਧ ਹਰ ਕਿਸਮ ਦੀ ਪਰਿਵਾਰਕ ਹਿੰਸਾ ਅਤੇ ਸੋਸ਼ਣ ਨੂੰ ਘੱਟ ਤੋਂ ਘੱਟ 50 ਪ੍ਰਤੀਸ਼ਤ ਤੱਕ ਘਟਾਉਣਾ ਹੈ। ਇਸ ਵਿੱਚ ਇਸ National Agreement (ਰਾਸ਼ਟਰੀ ਸਮਝੌਤੇ) ਦੇ ਤਹਿਤ ਚਾਰ Priority Reform Areas (ਤਰਜੀਹੀ ਸੁਧਾਰ ਖੇਤਰਾਂ) ਦੀ ਪ੍ਰਾਪਤੀ ਕਰਨ ਲਈ ਮਿਲ ਕੇ ਕੰਮ ਕਰਨਾ ਵੀ ਸ਼ਾਮਲ ਹੈ।

ਇਹ ਪ੍ਰਤੀਨਿਧੀ ਬਿਆਨ, ਸੰਮੇਲਨ ਦੇ ਨੁਮਾਇੰਦਿਆਂ ਅਤੇ ਭਾਗੀਦਾਰਾਂ ਦੀਆਂ ਵਿਚਾਰ ਨੁਮਾਂ ਆਵਾਜ਼ਾਂ ਨੂੰ ਸੰਜੋਂਦਾ ਹੈ, ਜਿਸ ਵਿੱਚ ਵਿਭਿੰਨ ਜੀਵਨ ਅਨੁਭਵ ਵਾਲੇ ਲੋਕ ਵੀ ਸ਼ਾਮਲ ਹਨ। ਇਸ ਵਿੱਚ ਟਾਸਕਫੋਰਸ ਦੇ ਮੈਂਬਰਾਂ ਦੁਆਰਾ ਨਾਮਜ਼ਦ ਕੀਤੇ ਗਏ ਹਰੇਕ ਰਾਜ ਅਤੇ ਪ੍ਰਦੇਸ਼ ਦੇ ਪ੍ਰਤੀਨਿਧੀ, ਨਾਲ ਹੀ ਪਰਿਵਾਰ, ਘਰੇਲੂ ਅਤੇ ਜਿਨਸੀ ਹਿੰਸਾ 'ਤੇ Aboriginal and Torres Strait Islander Advisory Council (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਸਲਾਹਕਾਰ ਕੌਂਸਲ) ਅਤੇ National Plan Advisory Group (ਰਾਸ਼ਟਰੀ ਯੋਜਨਾ ਸਲਾਹਕਾਰ ਗਰੁੱਪ) ਦੇ ਮੈਂਬਰ ਸ਼ਾਮਲ ਹਨ। ਇਹ ਹਰੇਕ ਰਾਜ ਅਤੇ ਪ੍ਰਦੇਸ਼ ਦੁਆਰਾ ਚੁਣੇ ਗਏ ਮੁੱਖ ਪ੍ਰਤੀਨਿਧੀਆਂ ਦੁਆਰਾ ਤਿਆਰ ਕੀਤਾ ਗਿਆ ਹੈ। ਇਹ ਚਾਰ ਦਿਨਾਂ ਤੋਂ ਚੱਲ ਰਹੇ ਵਿਚਾਰ-ਵਟਾਂਦਰੇ ਦੀ ਡੂੰਘਾਈ ਦਾ ਪੂਰਨ ਰਿਕਾਰਡ ਨਹੀਂ ਹੈ, ਪਰ ਪ੍ਰਤੀਨਿਧੀਆਂ ਦੁਆਰਾ ਪਛਾਣੇ ਗਏ ਮੁੱਖ ਵਿਸ਼ਿਆਂ ਅਤੇ ਵਿਚਾਰਾਂ ਦਾ ਸੰਖੇਪ ਹੈ।

ਇਹ ਸੁਣਨ ਦੀ ਪ੍ਰਕਿਰਿਆ ਇਸ ਸੰਮੇਲਨ ਤੋਂ ਬਾਅਦ ਵੀ ਜਾਰੀ ਰਹਿਣੀ ਚਾਹੀਦੀ ਹੈ, ਤਾਂ ਜੋ ਸਾਰੀਆਂ ਵਿਚਾਰਾਂ ਸੁਣੀਆਂ ਜਾ ਸਕਣ ਅਤੇ ਅਗਲੀ ਰਾਸ਼ਟਰੀ ਯੋਜਨਾ ਵਿੱਚ ਹੋਣ ਵਾਲੀ ਕਾਰਵਾਈ ਯੋਜਨਾ ਨੂੰ ਸੂਚਿਤ ਕੀਤਾ ਜਾ ਸਕੇ। ਅਸੀਂ ਰਾਸ਼ਟਰਮੰਡਲ, ਰਾਜ ਅਤੇ ਪ੍ਰਦੇਸ਼ਾਂ ਦੀਆਂ ਸਰਕਾਰਾਂ ਨੂੰ ਲਿੰਗ-ਆਧਾਰਿਤ ਹਿੰਸਾ ਨੂੰ ਖ਼ਤਮ ਕਰਨ ਨੂੰ ਰਾਸ਼ਟਰੀ ਤਰਜੀਹ ਬਣਾਉਣ ਲਈ ਕਹਿੰਦੇ ਹਾਂ।

## *(National Plan to Reduce Violence against Women and their Children 2010-2022) ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਪ੍ਰਤੀ ਹਿੰਸਾ ਨੂੰ ਘਟਾਉਣ ਲਈ ਰਾਸ਼ਟਰੀ ਯੋਜਨਾ 2010-2022 'ਤੇ ਸੋਚ-ਵਿਚਾਰ*

*National Plan to Reduce Violence against Women and their Children 2010-202*2 (2010-2022 National Plan)(ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਵਿਰੁੱਧ ਹਿੰਸਾ ਨੂੰ ਘਟਾਉਣ ਲਈ ਰਾਸ਼ਟਰੀ ਯੋਜਨਾ 2010-2022 (2010-2022 ਰਾਸ਼ਟਰੀ ਯੋਜਨਾ)) ਨੇ ਮੰਨਿਆ ਹੈ ਕਿ ਔਰਤਾਂ ਨੂੰ ਮਰਦਾਂ ਨਾਲੋਂ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਦੇ ਨਾਲ-ਨਾਲ ਘਰ ਤੋਂ ਬਾਹਰ ਹਿੰਸਾ ਦੇ ਹੋਰ ਰੂਪਾਂ ਦਾ ਅਨੁਭਵ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ, ਜਿਸ ਵਿੱਚ ਸੰਸਥਾਗਤ ਸਥਾਨਾਂ ਵਿੱਚ ਹੁੰਦੀ ਹਿੰਸਾ, ਜਨਤਕ ਥਾਵਾਂ 'ਤੇ ਪਿੱਛਾ ਕਰਨਾ ਅਤੇ ਜਿਨਸੀ ਛੇੜ-ਛਾੜ, ਅਤੇ ਤਕਨਾਲੋਜੀ-ਦੀ-ਸਹੂਲਤ ਦੁਆਰਾ ਹੋਣ ਵਾਲਾ ਸੋਸ਼ਣ ਸ਼ਾਮਿਲ ਹੈ[1]। ਇਸ 2010-2022 ਰਾਸ਼ਟਰੀ ਯੋਜਨਾ ਨੇ ਪਹਿਲੀ ਵਾਰ ਔਰਤਾਂ ਵਿਰੁੱਧ ਹਿੰਸਾ ਦੇ ਸਾਰੇ ਰੂਪਾਂ ਨੂੰ ਇਕੱਠੇ ਹੱਲ ਕਰਨ ਲਈ ਸਾਰੀਆਂ ਆਸਟ੍ਰੇਲੀਆਈ ਸਰਕਾਰਾਂ ਦੇ ਸਮੂਹਿਕ ਯਤਨਾਂ ਨੂੰ ਇਕੱਠਾ ਕੀਤਾ ਹੈ।

ਇਸ 2010-2022 ਰਾਸ਼ਟਰੀ ਯੋਜਨਾ ਦੇ ਤਹਿਤ, ਸਰਕਾਰਾਂ ਨੇ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਵਿਰੁੱਧ ਹਿੰਸਾ ਨੂੰ ਰੋਕਣ ਅਤੇ ਹੱਲ ਕਰਨ ਲਈ ਮੁੱਖ ਬੁਨਿਆਦੀ ਢਾਂਚੇ ਦੀ ਸਥਾਪਨਾ ਅਤੇ ਸੇਵਾ ਪ੍ਰਤੀਕਿਰਿਆਵਾਂ ਨੂੰ ਮਜ਼ਬੂਤ ਕਰਨ ਲਈ ਮਿਲ ਕੇ ਕੰਮ ਕੀਤਾ ਹੈ। ਇਸ ਵਿੱਚ Our Watch (ਆਵਰ ਵਾਚ), Australia's National Research (ਆਸਟ੍ਰੇਲੀਆ ਦੀ ਨੈਸ਼ਨਲ ਰਿਸਰਚ) Organisation for Women's Safety (ANROWS) (ਆਰਗੇਨਾਈਜ਼ੇਸ਼ਨ ਫਾਰ ਵੂਮੈਨ ਸੇਫਟੀ (ਏਨਰੋਜ਼)), 1800RESPECT, *Stop it at the Start*(ਸਟਾਪ ਇਟ ਐਟ ਦ ਸਟਾਰਟ) ਮੁਹਿੰਮ, ਵਿਸ਼ੇਸ਼ ਸੇਵਾਵਾਂ ਲਈ ਸਹਾਇਤਾ, ਐਮਰਜੈਂਸੀ ਰਿਹਾਇਸ਼ ਅਤੇ ਘਰ ਵਿੱਚ ਸੁਰੱਖਿਅਤ ਪ੍ਰੋਗਰਾਮ ਅਤੇ ਮਿਲਕੇ ਕੰਮ ਕਰਨ ਵਾਲੀ ਪ੍ਰਣਾਲੀ ਮੁਹੱਈਆ ਕਰਨ ਲਈ ਵੱਖ-ਵੱਖ ਖਿੱਤਿਆਂ ਵਿੱਚ ਸਹਾਇਤਾ ਪ੍ਰਾਪਤ ਕੰਮ ਕਰਨਾ ਸ਼ਾਮਲ ਹੈ।

ਜਦੋਂ ਕਿ 2010-2022 ਦੀ ਰਾਸ਼ਟਰੀ ਯੋਜਨਾ ਨੇ ਇੱਕ ਮਜ਼ਬੂਤ ਨੀਂਹ ਰੱਖੀ ਦਿੱਤੀ ਹੈ ਅਤੇ ਔਰਤਾਂ ਵਿਰੁੱਧ ਹਿੰਸਾ ਅਤੇ ਲਿੰਗ ਅਸਮਾਨਤਾ ਦੋਵਾਂ ਬਾਰੇ ਲੋਕਾਂ ਦੇ ਗਿਆਨ ਅਤੇ ਸਮਝ ਵਿੱਚ ਸੁਧਾਰ ਕੀਤਾ ਹੈ, ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਲਈ ਅਜੇ ਵੀ ਬਹੁਤ ਕੁੱਝ ਕਰਨਾ ਬਾਕੀ ਹੈ। ਨਾਲ ਹੀ ਤਰੱਕੀ ਨੂੰ ਮਾਪਣ ਅਤੇ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਸਹੀ ਤਰੀਕੇ ਨਾਲ ਪੈਸਾ ਨਿਵੇਸ਼ ਕਰ ਰਹੇ ਹਾਂ। ਲਿੰਗ ਅਸਮਾਨਤਾ ਅਤੇ ਵਿਅਕਤੀਗਤ ਵਿਹਾਰਾਂ ਅਤੇ ਰਵੱਈਏ ਨੂੰ ਮਜ਼ਬੂਤ ਕਰਨ ਵਾਲੀਆਂ ਨੀਤੀਆਂ, ਅਭਿਆਸਾਂ ਅਤੇ ਢਾਂਚਿਆਂ ਵਿੱਚ, ਰੋਕਥਾਮ ਅਤੇ ਔਰਤਾਂ ਵਿਰੁੱਧ ਹਿੰਸਾ ਦੇ ਲਿੰਗ-ਅਧਾਰਿਤ ਚਾਲਕਾਂ ਨੂੰ ਹੱਲ ਕਰਨ ਵਿੱਚ ਨਿਵੇਸ਼ ਕਰਨ ਦੇ ਸਾਡੇ ਯਤਨ ਇਸ ਦੇ ਕੇਂਦਰ 'ਤੇ ਹਨ।

ਇਸ National Summit (ਰਾਸ਼ਟਰੀ ਸੰਮੇਲਨ) ਵਿੱਚ ਗੱਲਬਾਤ ਇਹਨਾਂ ਮਜ਼ਬੂਤ ਬੁਨਿਆਦਾਂ ਨੂੰ ਬਣਾਉਣ ਅਤੇ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨ ਲਈ ਸਾਡੇ ਸਾਂਝੇ-ਸਹਿਯੋਗ ਭਰੇ ਰਾਸ਼ਟਰੀ ਯਤਨਾਂ ਨੂੰ ਅੱਗੇ ਵਧਾਉਣ 'ਤੇ ਕੇਂਦਰਿਤ ਸੀ। ਸਾਨੂੰ ਲਾਜ਼ਮੀ ਤੌਰ 'ਤੇ 2010-2022 ਰਾਸ਼ਟਰੀ ਯੋਜਨਾ ਦੀਆਂ ਸਫਲਤਾਵਾਂ ਅਤੇ ਘਾਟਾਂ ਦੋਵਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ, ਤਾਂ ਜੋ ਅਜੇ ਵੀ ਕੀ ਪ੍ਰਾਪਤ ਕਰਨਾ ਹੈ, ਕਿਸ ਲਈ ਫੰਡ ਦਿੱਤੇ ਜਾਣ ਅਤੇ ਕਿਸਨੂੰ ਅੰਤਮ ਰੂਪ ਦਿੱਤੇ ਜਾਣ ਦੀ ਲੋੜ ਹੈ, ਬਾਰੇ ਜਾਣਿਆ ਜਾ ਸਕੇ।

ਮਹੱਤਵਪੂਰਨ ਤੌਰ 'ਤੇ, ਇਹ ਸੰਮੇਲਨ ਨੇ ਉੱਭਰਦੇ ਮੁੱਦਿਆਂ 'ਤੇ ਵੀ ਵਿਚਾਰ ਕੀਤਾ ਹੈ ਜੋ ਔਰਤਾਂ ਅਤੇ ਬੱਚਿਆਂ ਨੂੰ ਹਰ ਤਰ੍ਹਾਂ ਦੀ ਹਿੰਸਾ ਤੋਂ ਮੁਕਤ ਰਹਿਣ ਤੋਂ ਰੋਕਦੇ ਹਨ। COVID-19 ਮਹਾਂਮਾਰੀ ਦੇ ਮੱਦੇਨਜ਼ਰ, ਸਰਕਾਰਾਂ ਕੋਲ ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਅਤੇ ਵਾਰ-ਵਾਰ ਹੋਣ ਵਾਲੇ ਅਜਿਹੇ ਵਤੀਰੇ ਜੋ ਜ਼ਿਆਦਾਤਰ ਮਰਦਾਂ ਦੁਆਰਾ ਵਰਤੇ ਜਾਂਦੇ ਹਿੰਸਕ ਅਤੇ ਅਪਮਾਨਜਨਕ ਵਿਵਹਾਰ ਨੂੰ ਸਮਰੱਥ ਬਣਾਉਂਦੇ ਹਨ, ਨੂੰ ਠੱਲ ਪਾਉਣ ਲਈ ਲੋੜੀਂਦੇ ਸੱਭਿਆਚਾਰਕ ਅਤੇ ਪ੍ਰਣਾਲੀਗਤ ਬਦਲਾਅ ਨੂੰ ਚਲਾਉਣ ਲਈ ਨੀਤੀਗਤ ਢਾਂਚਾ ਤਿਆਰ ਕਰਨ ਜੀਵਨ-ਭਰ ਵਿੱਚ ਕੇਵਲ ਇੱਕ ਵਾਰ ਮਿਲਣ ਵਾਲਾ ਮੌਕਾ ਹੈ।

ਇਸ ਸਿਖ਼ਰ-ਸੰਮੇਲਨ ਵਿੱਚ ਵਿਚਾਰ-ਵਟਾਂਦਰਿਆਂ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ 2010-2022 National Plan (2010-2022 ਰਾਸ਼ਟਰੀ ਯੋਜਨਾ) ਦੇ ਤਹਿਤ, ਅਸੀਂ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਔਰਤਾਂ ਅਤੇ ਬੱਚਿਆਂ ਲਈ ਸੁਧਾਰ ਨਹੀਂ ਦੇਖਿਆ ਹੈ। First Nations (ਫਸਟ ਨੇਸ਼ਨਜ਼) ਲੋਕਾਂ ਦੇ ਵਿਚਾਰਾਂ ਨੂੰ ਜਾਨਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਕਿ ਭਾਈਚਾਰਕ-ਅਗਵਾਈ ਵਾਲੇ ਹੱਲ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਸੰਸਥਾਵਾਂ ਦੁਆਰਾ ਵਿਕਸਤ ਅਤੇ ਪ੍ਰਦਾਨ ਕੀਤੇ ਜਾਣ, ਇਸ ਲਈ ਸਰਕਾਰ ਦੇ ਸਾਰੇ ਪੱਧਰਾਂ 'ਤੇ ਢੁੱਕਵਾਂ ਕੰਮ ਨਹੀਂ ਕੀਤਾ ਗਿਆ ਹੈ।

---

[1] ABS. 2017. Personal Safety, Australia Survey

ਸਾਡੇ ਕੋਲ ਸਾਡੇ ਸਮਾਜ ਅਤੇ ਆਰਥਿਕਤਾ ਦੇ ਪਹਿਲੂਆਂ ਦੀ ਮੁੜ-ਕਲਪਨਾ ਕਰਨ ਅਤੇ ਉਹਨਾਂ ਨੂੰ ਬਦਲਣ ਦਾ ਮੌਕਾ ਹੈ ਜੋ ਨਾ ਸਿਰਫ਼ ਲਚਕੀਲੇਪਣ ਨੂੰ ਵਧਾਏਗਾ ਅਤੇ ਦੇਸ਼ ਨੂੰ ਇਸ ਸੰਕਟ ਤੋਂ ਤੇਜ਼ੀ ਨਾਲ ਉਭਰਨ ਵਿੱਚ ਮੱਦਦ ਕਰੇਗਾ, ਸਗੋਂ ਇਹ ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਅਤੇ ਲਿੰਗ ਸਮਾਨਤਾ ਨੂੰ ਹੋਰ ਅੱਗੇ ਵਧਾਉਣ ਲਈ ਸਾਡੀਆਂ ਕੋਸ਼ਿਸ਼ਾਂ ਨੂੰ ਵੀ ਹੁਲਾਰਾ ਦੇਵੇਗਾ ਅਤੇ ਤੇਜ਼ ਕਰੇਗਾ।

# ਸਿਖ਼ਰ-ਸੰਮੇਲਨ ਵਾਰਤਾ

## ਪੈਨਲ

ਭਾਗੀਦਾਰਾਂ ਨੂੰ ਕਈ ਮਾਹਰ ਪੈਨਲਿਸਟਾਂ ਤੋਂ ਸੁਣਨ ਅਤੇ ਸਵਾਲ ਪੁੱਛਣ ਦਾ ਮੌਕਾ ਮਿਲਿਆ। ਇਹ ਮਾਹਰ ਪੈਨਲ ਉੱਭਰ ਰਹੇ ਸਬੂਤਾਂ ਨੂੰ ਸਾਂਝਾ ਕਰਨ, ਵਾਅਦਾ ਕਰਨ ਅਤੇ ਪ੍ਰਭਾਵਸ਼ਾਲੀ ਅਭਿਆਸ ਨੂੰ ਉਜਾਗਰ ਕਰਨ ਅਤੇ ਲਿੰਗ-ਆਧਾਰਿਤ ਹਿੰਸਾ ਦੇ ਸਾਰੇ ਰੂਪਾਂ ਨੂੰ ਖਤਮ ਕਰਨ ਲਈ ਕੰਮ ਕਰਨ ਵਾਲਿਆਂ ਤੋਂ ਸਿੱਧੇ ਤੌਰ 'ਤੇ ਸੁਣਨ ਦਾ ਮੌਕਾ ਸਨ।

*ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਦੇ ਅਨੁਭਵ ਦੇ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰਜ਼)* ਪੈਨਲ ਨੇ ਮਾਨਤਾ ਦਿੱਤੀ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਸੱਭਿਆਚਾਰਕ ਤੌਰ 'ਤੇ ਢੁਕਵੇਂ ਅਤੇ ਸਦਮੇ-ਸੂਚਿਤ ਰੋਕਥਾਮ ਕਾਰਜਾਂ ਅਤੇ ਹਿੰਸਾ ਪ੍ਰਤੀ ਪ੍ਰਤੀਕਰਮ ਨੂੰ ਬਣਾਉਣ ਅਤੇ ਲਾਗੂ ਕਰਨ ਦੀ ਅਗਵਾਈ ਕਰਨੀ ਚਾਹੀਦੀ ਹੈ, ਅਤੇ First Nations (ਫਸਟ ਨੇਸ਼ਨਜ਼) ਔਰਤਾਂ ਲਈ ਇੱਕ ਖ਼ਾਸ ਯੋਜਨਾ 'ਤੇ ਚਰਚਾ ਕੀਤੀ। *Financial freedom (ਵਿੱਤੀ ਆਜ਼ਾਦੀ): ਆਰਥਿਕ ਸੁਰੱਖਿਆ ਪੈਦਾ ਕਰਨ ਅਤੇ ਵਿੱਤੀ ਸੋਸ਼ਣ ਤੋਂ ਬਚਣ ਬਾਰੇ* ਪੈਨਲ ਨੇ ਔਰਤਾਂ ਦੀ ਆਰਥਿਕ ਸੁਰੱਖਿਆ, ਆਤਮ-ਨਿਰਭਰਤਾ ਅਤੇ ਉਨ੍ਹਾਂ ਦੀ ਸੁਰੱਖਿਆ ਵਿਚਕਾਰ ਪਰਸਪਰ ਪ੍ਰਭਾਵ ਦੀ ਪੜਚੋਲ ਕੀਤੀ। ਵਿੱਤੀ ਸੋਸ਼ਣ ਨੂੰ ਰੋਕਣ ਅਤੇ ਵਧੇਰੇ ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਨ ਲਈ ਕਾਰਵਾਈ ਦੀ ਲੋੜ ਸਮੇਤ। '*Respect@Work ਲਈ ਰੋਡਮੈਪ*' ਅਤੇ '*ਔਰਤਾਂ ਵਿਰੁੱਧ ਹਿੰਸਾ ਹਰੇਕ ਦੀ ਜ਼ਿੰਮੇਦਾਰੀ ਹੈ* ਪੈਨਲਾਂ ਨੇ ਉਸ ਭੂਮਿਕਾ ਬਾਰੇ ਚਰਚਾ ਕੀਤੀ ਜੋ ਸਰਕਾਰਾਂ, ਸੰਸਥਾਵਾਂ ਅਤੇ ਰੁਜ਼ਗਾਰਦਾਤਾ ਲੈ ਰਹੇ ਹਨ ਅਤੇ ਲਿੰਗ-ਸਮਾਨਤਾ ਪਹਿਲਕਦਮੀਆਂ ਰਾਹੀਂ ਹਿੰਸਾ ਨੂੰ ਰੋਕਣ, ਔਰਤਾਂ ਲਈ ਸੁਰੱਖਿਅਤ ਕੰਮਕਾਜੀ ਮਾਹੌਲ ਪ੍ਰਦਾਨ ਕਰਨ ਅਤੇ ਕਾਰਜ-ਸਥਾਨ ਅੰਦਰ ਜਾਂ ਬਾਹਰ ਹਿੰਸਾ ਦਾ ਸਾਹਮਣਾ ਕਰ ਰਹੀਆਂ ਔਰਤਾਂ ਦਾ ਸਮਰਥਨ ਕਰਨ ਵਿੱਚ ਨਿਭਾਅ ਸਕਦੇ ਹਨ।

ਇਸ *ਦਿਸ਼ਾ-ਕ੍ਰਮ ਨੂੰ ਬਦਲੋ: ਅਪਰਾਧੀ ਦਖ਼ਲ-ਅੰਦਾਜ਼ੀ, ਜ਼ਬਰਦਸਤੀ ਕੰਟਰੋਲ ਅਤੇ ਸ਼ੁਰੂਆਤੀ ਦਖ਼ਲ* ਪੈਨਲ ਨੇ ਚਰਚਾ ਕੀਤੀ ਕਿ ਕਿਵੇਂ ਅਸੀਂ ਸਾਰੇ ਔਰਤਾਂ ਅਤੇ ਬੱਚਿਆਂ ਲਈ ਨਤੀਜਿਆਂ ਨੂੰ ਬਦਲਣ ਲਈ ਹਿੰਸਾ ਅਤੇ ਸੋਸ਼ਣ ਦੇ ਜ਼ੋਖਮ ਦੀ ਬਿਹਤਰ ਪਛਾਣ ਕਰ ਸਕਦੇ ਹਾਂ। ਨਾਲ ਹੀ ਅਸੀਂ ਅਪਰਾਧੀਆਂ ਨੂੰ ਉਹਨਾਂ ਦੇ ਵਿਵਹਾਰ ਨੂੰ ਬਦਲਣ ਲਈ ਕਿਵੇਂ ਜਵਾਬਦੇਹ ਬਣਾ ਸਕਦੇ ਹਾਂ ਅਤੇ ਮਰਦਾਂ ਨੂੰ ਹਿੰਸਕ ਕਾਰਵਾਈਆਂ ਕਰਨ ਤੋਂ ਕਿਵੇਂ ਰੋਕ ਸਕਦੇ ਹਾਂ। *ਪੁਲਿਸ ਅਤੇ ਨਿਆਂ ਪ੍ਰਤੀਕਿਰਿਆਵਾਂ* ਪੈਨਲ ਨੇ ਹਿੰਸਾ ਦੇ ਪ੍ਰਤੀ ਜਵਾਬ ਦੇਣ ਵਿੱਚ ਨਿਆਂ ਪ੍ਰਣਾਲੀ ਦੀ ਭੂਮਿਕਾ ਅਤੇ ਰਿਪੋਰਟ ਕਰਨ ਅਤੇ ਨਿਆਂ ਦੀ ਮੰਗ ਕਰਨ ਲਈ ਪੀੜਤ-ਬਚਣ ਵਾਲਿਆਂ ਦੀ ਸਭ ਤੋਂ ਵਧੀਆ ਸਹਾਇਤਾ ਕਿਵੇਂ ਕੀਤੀ ਜਾਵੇ, ਬਾਰੇ ਚਰਚਾ ਕੀਤੀ। *ਜਿਨਸੀ ਹਿੰਸਾ ਨੂੰ ਰੋਕਣ ਅਤੇ ਪ੍ਰਤੀਕਿਰਿਆ ਕਰਨ ਵਾਲੇ* ਪੈਨਲ ਨੇ ਔਰਤਾਂ ਵਿਰੁੱਧ ਹਿੰਸਾ ਨੂੰ ਵਾਪਰਨ ਤੋਂ ਰੋਕਣ ਲਈ ਲਿੰਗ-ਅਧਾਰਿਤ ਪ੍ਰੇਰਕਾਂ ਨਾਲ ਨਜਿੱਠਣ ਦੇ ਮਹੱਤਵ ਦੀ ਜਾਂਚ ਕੀਤੀ, ਜਿਸ ਵਿੱਚ ਜਿਨਸੀ ਹਿੰਸਾ ਨੂੰ ਰੋਕਣ ਦੇ ਇੱਕ ਸਾਧਨ ਵਜੋਂ ਸਤਿਕਾਰਯੋਗ ਸਬੰਧਾਂ ਨੂੰ ਉਤਸ਼ਾਹਿਤ ਕਰਨਾ ਅਤੇ ਜਿਨਸੀ ਹਿੰਸਾ ਦੇ ਪੀੜਤ-ਬਚਣ ਵਾਲਿਆਂ ਦੀ ਸਹਾਇਤਾ ਲਈ ਲੋੜੀਂਦੇ ਖਾਸ ਪ੍ਰਤੀਕਰਮ-ਜਵਾਬ ਸ਼ਾਮਲ ਹਨ।

## ਗੋਲਮੇਜ਼ ਵਿਚਾਰਾਂ

ਇਹ ਗੋਲਮੇਜ਼ ਵਿਚਾਰਾਂ ਦੇ ਸੈਸ਼ਨ ਮਾਹਿਰਾਂ ਲਈ ਅਗਲੀ National Plan (ਰਾਸ਼ਟਰੀ ਯੋਜਨਾ) ਲਈ ਮੁੱਖ ਤਰਜੀਹਾਂ 'ਤੇ ਡੂੰਘਾਈ ਨਾਲ ਚਰਚਾ ਕਰਨ ਦਾ ਇੱਕ ਮਹੱਤਵਪੂਰਨ ਮੌਕਾ ਸੀ। ਲੋਕਾਂ ਨੂੰ ਨਿੱਜੀ ਜਾਂ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਲਈ ਗੁਪਤਤਾ ਅਤੇ ਸੁਰੱਖਿਆ ਪ੍ਰਦਾਨ ਕਰਨ ਲਈ ਗੋਲਮੇਜ਼ ਵਿਚਾਰ-ਵਟਾਂਦਰੇ ਨੂੰ ਜਨਤਾ ਲਈ ਬੰਦ ਕਰ ਦਿੱਤਾ ਗਿਆ ਸੀ।

ਗੋਲਮੇਜ਼ ਵਿਚਾਰ-ਵਟਾਂਦਰੇ ਨੇ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ, ਅਪਾਹਜਤਾ ਵਾਲੇ ਔਰਤਾਂ ਅਤੇ ਬੱਚਿਆਂ, ਪ੍ਰਵਾਸੀ ਅਤੇ ਸ਼ਰਨਾਰਥੀ ਔਰਤਾਂ ਅਤੇ ਭਾਈਚਾਰਿਆਂ, ਬੱਚਿਆਂ ਅਤੇ ਨੌਜਵਾਨਾਂ ਦੇ ਆਪਣੇ-ਆਪ ਵਿੱਚ, ਬਜ਼ੁਰਗ ਔਰਤਾਂ, LGBTIQA+ ਲੋਕਾਂ ਅਤੇ ਖੇਤਰੀ ਅਤੇ ਦੂਰ-ਦੁਰਾਡੇ ਇਲਾਕਿਆਂ ਦੇ ਲੋਕਾਂ ਦੀਆਂ ਵੱਖੋ-ਵੱਖ ਸਥਿਤੀਆਂ ਅਤੇ ਵਿਭਿੰਨ ਜੀਵਨ ਅਨੁਭਵਾਂ ਦੀ ਪੜਚੋਲ ਕੀਤੀ। ਗੋਲਮੇਜ਼ਾਂ ਨੇ ਇਹ ਵੀ ਚਰਚਾ ਕੀਤੀ ਕਿ ਇਹ ਹਿੰਸਾ ਦੇ ਅਨੁਭਵਾਂ ਨਾਲ ਕਿਵੇਂ ਭਿੜਦੇ ਹਨ ਅਤੇ ਅਨੁਕੂਲ, ਸੱਭਿਆਚਾਰਕ ਤੌਰ 'ਤੇ ਢੁਕਵੇਂ ਪ੍ਰਤੀਕਰਮ ਦੀ ਲੋੜ ਹੁੰਦੀ ਹੈ। ਵਿਚਾਰ-ਵਟਾਂਦਰੇ ਵਿੱਚ ਮਾਹਿਰਾਂ ਅਤੇ ਮੁੱਖ-ਧਾਰਾ ਸੇਵਾਵਾਂ, ਸਿਹਤ ਪ੍ਰਣਾਲੀਆਂ ਅਤੇ ਕਾਨੂੰਨੀ ਸੇਵਾਵਾਂ ਵਿੱਚ ਢਾਂਚਾਗਤ ਤਬਦੀਲੀਆਂ ਨੂੰ ਸ਼ਾਮਲ ਕੀਤਾ ਗਿਆ। ਹਿੰਸਾ ਦੇ ਖਾਸ ਅਨੁਭਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ ਸੀ, ਜਿਸ ਵਿੱਚ ਜ਼ਬਰਦਸਤੀ ਕੰਟਰੋਲ ਅਤੇ ਟੈਕਨੋਲੋਜੀ-ਸਹੂਲਤ ਦੁਆਰਾ ਸੋਸ਼ਣ, ਅਪਰਾਧੀ ਦਖ਼ਲ-ਅੰਦਾਜ਼ੀ ਨੂੰ ਸੁਧਾਰਨਾ, ਅਤੇ ਮਰਦਾਂ ਅਤੇ ਮੁੰਡਿਆਂ ਨਾਲ ਕੰਮ

ਕਰਨਾ ਸ਼ਾਮਲ ਹੈ। ਇਹਨਾਂ ਸਾਰੇ ਖੇਤਰਾਂ ਵਿੱਚ ਮੁੱਢਲੀ ਰੋਕਥਾਮ ਦੀ ਲੋੜ ਨੂੰ ਸਵੀਕਾਰ ਕੀਤਾ ਗਿਆ ਸੀ, ਜਿਵੇਂ ਕਿ ਲਿੰਗ ਅਸਮਾਨਤਾ ਨੂੰ ਕਾਇਮ ਰੱਖਣ ਵਾਲੀਆਂ ਪ੍ਰਣਾਲੀਆਂ ਅਤੇ ਢਾਂਚਿਆਂ ਨੂੰ ਹੱਲ ਕਰਨ ਦੀ ਲੋੜ ਨੂੰ ਸਵੀਕਾਰ ਕੀਤਾ ਗਿਆ ਸੀ।

# ਅਗਲੀ ਰਾਸ਼ਟਰੀ ਯੋਜਨਾ ਲਈ ਪ੍ਰਤੀਨਿਧੀਆਂ ਦੀਆਂ ਤਰਜੀਹਾਂ

ਸਾਰੇ ਮੁੱਦਿਆਂ ਵਿੱਚ, ਅਗਲੀ ਰਾਸ਼ਟਰੀ ਯੋਜਨਾ ਨੂੰ ਲਾਜ਼ਮੀ ਤੌਰ 'ਤੇ:

- ਹਿੰਸਾ ਦੇ ਸ਼ੁਰੂ ਹੋਣ ਤੋਂ ਪਹਿਲਾਂ ਰੋਕਣ ਅਤੇ ਲੰਬੀ-ਮਿਆਦ ਦੇ ਰਵੱਈਏ, ਸੱਭਿਆਚਾਰਕ, ਪ੍ਰਣਾਲੀਗਤ ਅਤੇ ਵਿਵਹਾਰਕ ਤਬਦੀਲੀਆਂ ਨੂੰ ਪ੍ਰਾਪਤ ਕਰਨ ਲਈ **ਮੁੱਢਲੀ ਰੋਕਥਾਮ** ਵਿੱਚ ਸਾਡੇ ਮਜ਼ਬੂਤ ਅਧਾਰ ਨੂੰ ਬਣਾਉਣਾ ਜਾਰੀ ਰੱਖਣਾ ਚਾਹੀਦਾ ਹੈ।
- **ਰੋਕਥਾਮ, ਦਖ਼ਲ, ਜਵਾਬੀ-ਕਾਰਵਾਈ ਅਤੇ ਰਿਕਵਰੀ ਵਿੱਚ ਸਰਕਾਰਾਂ ਦੇ ਸਾਰੇ ਪੱਧਰਾਂ ਦੁਆਰਾ, ਰਾਜਨੀਤਿਕ ਪਾਰਟੀ ਦੀ ਪਰਵਾਹ ਕੀਤੇ ਬਿਨਾਂ, ਲੰਬੇ ਸਮੇਂ ਦੀ ਸਰਕਾਰੀ ਫੰਡਿੰਗ** ਦੁਆਰਾ ਸਮਰਥਿਤ ਹੋਣੀ ਚਾਹੀਦੀ ਹੈ। ਫੰਡਿੰਗ ਨੂੰ ਦੋਵੇਂ ਮੌਜੂਦਾ ਸੇਵਾਵਾਂ ਜੋ ਚੰਗਾ ਕੰਮ ਕਰ ਰਹੀਆਂ ਹਨ ਅਤੇ ਨਾਲ ਹੀ ਨਵੇਂ ਜਵਾਬੀ-ਪ੍ਰਤੀਕਰਮਾਂ ਦਾ ਸਮਰਥਨ ਕਰਨਾ ਚਾਹੀਦਾ ਹੈ, ਅਤੇ ਫਰੰਟਲਾਈਨ ਸੇਵਾਵਾਂ ਲਈ ਲੰਬੇ-ਸਮੇਂ ਦੀ ਸੇਵਾ ਪੱਧਰ ਦੀ ਫੰਡਿੰਗ ਪ੍ਰਦਾਨ ਕਰਨੀ ਚਾਹੀਦੀ ਹੈ, ਜਿਸ ਵਿੱਚ ਰਿਹਾਇਸ਼ ਅਤੇ ਵਕਾਲਤ ਸ਼ਾਮਲ ਹੈ। ਇਸ ਨੂੰ ਲਾਜ਼ਮੀ ਤੌਰ 'ਤੇ ਲੋੜਾਂ-ਅਧਾਰਿਤ ਫੰਡਿੰਗ ਦੇਣ ਨੂੰ ਵਿਚਾਰਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਸਾਰੇ ਨੀਤੀਗਤ ਮੁੱਦਿਆਂ ਵਿੱਚ, ਨੁਮਾਇੰਦਿਆਂ ਨੇ ਫਰੰਟਲਾਈਨ 'ਤੇ ਓਵਰਲੈਪ (ਦੋਹਰੀ ਭੂਮਿਕਾ) ਅਤੇ ਉਲਝਣ ਤੋਂ ਬਚਣ ਲਈ, ਅਤੇ ਸੇਵਾ ਮੁਹੱਈਆ ਕਰਨ ਵਾਲੇ ਰਹਿਣ ਵਾਲੇ ਅੰਤਰ ਨੂੰ ਭਰਨ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੇ ਵੱਖ-ਵੱਖ ਪੱਧਰਾਂ ਦੀਆਂ ਭੂਮਿਕਾਵਾਂ ਬਾਰੇ ਸਪੱਸ਼ਟਤਾ ਦੀ ਮੰਗ ਕੀਤੀ। ਇਸ ਮੁੱਦੇ 'ਤੇ ਅਗਵਾਈ ਕਰਨ ਲਈ ਸਰਕਾਰਾਂ ਦੀ ਭੂਮਿਕਾ ਮਹੱਤਵਪੂਰਨ ਹੈ, ਨਾਲ ਹੀ ਉਦਯੋਗਾਂ ਅਤੇ ਸੰਗਠਨਾਂ ਦੇ ਨਾਲ ਸਾਂਝੇਦਾਰੀ ਸਮੇਤ ਸਾਰੀਆਂ ਪ੍ਰਣਾਲੀਆਂ ਵਿੱਚ ਤਾਲਮੇਲ ਨੂੰ ਯਕੀਨੀ ਬਣਾਉਣਾ ਹੈ। ਇਸ ਨੂੰ ਸੰਭਵ ਬਣਾਉਣ ਵਿੱਚ ਮੱਦਦ ਕਰਨ ਲਈ ਇੱਕ ਸਪੱਸ਼ਟ ਪ੍ਰਸ਼ਾਸਨਿਕ ਪ੍ਰਣਾਲੀ ਇਸ ਅਗਲੀ National Plan (ਰਾਸ਼ਟਰੀ ਯੋਜਨਾ) ਦਾ ਹਿੱਸਾ ਹੋਣੀ ਚਾਹੀਦੀ ਹੈ ਜਿਸ ਵਿੱਚ ਮਾਹਿਰਾਂ ਅਤੇ ਗੈਰ-ਸਰਕਾਰੀ ਸੰਸਥਾਵਾਂ ਨਾਲ ਸੰਗਠਿਤ ਸ਼ਮੂਲੀਅਤ ਸ਼ਾਮਲ ਹੈ।
- ਇਹ ਪਛਾਣ ਕਰਨਾ ਚਾਹੀਦਾ ਹੈ ਕਿ **Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਨੂੰ ਉਹਨਾਂ ਦੇ ਭਾਈਚਾਰਿਆਂ ਲਈ ਜਵਾਬੀ-ਕਾਰਵਾਈ ਦੀ ਅਗਵਾਈ ਕਰਨੀ ਚਾਹੀਦੀ ਹੈ** ਅਤੇ ਇਹ ਕਿ ਅਗਲੀ ਰਾਸ਼ਟਰੀ ਯੋਜਨਾ ਨੂੰ ਲਾਜ਼ਮੀ ਤੌਰ 'ਤੇ ਯਕੀਨੀ ਬਣਾਉਣਾ ਚਾਹੀਦਾ ਹੈ ਕਿ **ਇਸ National Agreement on Closing the Gap (ਪਾੜੇ ਨੂੰ ਬੰਦ ਕਰਨ ਦੇ ਰਾਸ਼ਟਰੀ ਸਮਝੌਤੇ) ਦੀਆਂ ਵਚਨਬੱਧਤਾਵਾਂ ਹਰ ਤੱਤ ਵਿੱਚ ਸ਼ਾਮਲ ਹੋਣ**। ਇਸ ਅਗਲੀ National Plan (ਰਾਸ਼ਟਰੀ ਯੋਜਨਾ) ਨੂੰ National Agreement (ਰਾਸ਼ਟਰੀ ਸਮਝੌਤੇ) ਦੇ ਤਹਿਤ ਦੱਸੇ ਗਏ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਸਵੈ-ਨਿਰਣੇ ਦੇ ਸਿਧਾਂਤਾਂ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ। ਇਸ ਲਈ ਸਾਰੇ ਪ੍ਰਭਾਵਿਤ ਲੋਕਾਂ ਨੂੰ ਢਾਂਚਾਗਤ ਨਸਲਵਾਦ ਨਾਲ ਨਜਿੱਠਣ ਲਈ ਯਤਨਾਂ ਨੂੰ ਤਰਜੀਹ ਦੇਣ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਭਿਆਸਾਂ ਅਤੇ ਸੰਪੂਰਨ ਪਹੁੰਚ-ਤਰੀਕਿਆਂ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੁੰਦੀ ਹੈ ਜੋ ਸਦਮੇ ਨੂੰ ਵੀ ਹੱਲ ਕਰਦੇ ਹਨ।
    - Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਕੋਲ National Plan (ਰਾਸ਼ਟਰੀ ਯੋਜਨਾ) ਦੇ ਤਹਿਤ ਪਰਿਵਾਰਕ ਸੁਰੱਖਿਆ ਨੂੰ ਹੱਲ ਕਰਨ ਲਈ ਆਪਣੀ First Nations (ਫਰਸਟ ਨੇਸ਼ਨਜ਼) ਵਿਸ਼ੇਸ਼ ਕਾਰਜ ਯੋਜਨਾ ਹੋਣੀ ਚਾਹੀਦੀ ਹੈ ਅਤੇ ਉਹਨਾਂ ਦੇ ਭਾਈਚਾਰਿਆਂ ਵਿੱਚ ਸਾਰੀਆਂ ਕਾਰਵਾਈਆਂ ਅਤੇ ਜਵਾਬੀ-ਕਾਰਵਾਈਆਂ ਦੀ ਅਗਵਾਈ ਕਰਨ ਲਈ ਅਧਿਕਾਰ ਪ੍ਰਾਪਤ ਹੋਣਾ ਚਾਹੀਦਾ ਹੈ।
- ਉਹਨਾਂ ਰਵੱਈਏ ਅਤੇ ਵਿਵਹਾਰਾਂ ਨੂੰ ਟੋਕਣ ਅਤੇ ਰੋਕਣ ਲਈ **ਪੁਰਸ਼ਾਂ ਅਤੇ ਮੁੰਡਿਆਂ ਨਾਲ ਕੰਮ ਕਰਨ ਨੂੰ** ਤਰਜੀਹ ਦੇਣੀ ਚਾਹੀਦੀ ਹੈ ਜੋ ਹਿੰਸਾ ਦਾ ਕਾਰਨ ਬਣ ਸਕਦੇ ਹਨ, ਅਤੇ ਉਹਨਾਂ ਦੇ ਸੰਦਰਭ ਵਿੱਚ ਤਬਦੀਲੀ ਦੀ ਲੋੜ ਨੂੰ ਸਪਸ਼ਟ ਕਰਨ ਲਈ ਸਮਾਜ ਵਿੱਚ ਲੀਡਰਸ਼ਿਪ ਦੇ ਅਹੁਦਿਆਂ 'ਤੇ ਮਰਦਾਂ ਨੂੰ ਸ਼ਾਮਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।
- **ਵੱਖੋ-ਵੱਖਰੇ ਜੀਵਿਤ ਤਜ਼ਰਬਿਆਂ** ਦੁਆਰਾ ਸੁਣਨਾ, ਸ਼ਾਮਲ ਕਰਨਾ ਅਤੇ ਜਾਣੂ ਹੋਣਾ ਚਾਹੀਦਾ ਹੈ, ਖ਼ਾਸ ਤੌਰ 'ਤੇ ਪੀੜਤ-ਬਚਣ ਵਾਲਿਆਂ ਦੇ, ਜੋ ਨੀਤੀਆਂ ਅਤੇ ਹੱਲਾਂ ਦੇ ਵਿਕਾਸ ਨੂੰ ਸੂਚਿਤ ਕਰਨ ਅਤੇ ਇਹ ਸਮਝਣ ਲਈ ਮਹੱਤਵਪੂਰਨ ਹਨ ਕਿ ਕੀ ਕੰਮ ਕਰਦਾ ਹੈ। ਇਸ ਜੀਵਿਤ ਅਨੁਭਵ 'ਤੇ ਲਿੰਗ ਪਛਾਣ ਸਮੇਤ, ਨਸਲ, ਉਮਰ, ਅਪਾਹਜਤਾ, ਸੱਭਿਆਚਾਰ, ਲਿੰਗ, ਪਛਾਣ ਦੇ ਹੋਰ ਰੂਪਾਂ ਦੇ ਵਿਚਕਾਰ, ਪ੍ਰਭਾਵ ਪਾਉਂਦੇ ਹਨ। ਲਿੰਗ-ਆਧਾਰਿਤ ਹਿੰਸਾ ਦੇ ਪੀੜਤ-ਬਚਣ ਵਾਲਿਆਂ ਨੂੰ ਉਹਨਾਂ ਫੈਸਲਿਆਂ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਜੋ ਉਹਨਾਂ ਦੇ ਜੀਵਨ 'ਤੇ ਪ੍ਰਭਾਵ ਪਾਉਂਦੇ ਹਨ।

- **ਲਿੰਗ ਬਰਾਬਰਤਾ ਦਾ ਸਮਰਥਨ ਕਰਨਾ ਚਾਹੀਦਾ ਹੈ** ਅਤੇ **ਪੱਖ-ਪਾਤ, ਅਸਮਾਨਤਾ ਅਤੇ ਨੁਕਸਾਨ ਦੇ ਹੋਰ ਰੂਪਾਂ ਦੇ ਨਾਲ ਲਿੰਗ ਅਸਮਾਨਤਾ ਦੀ ਗੁੰਝਲਦਾਰ ਕਾਟ ਨੂੰ ਹੱਲ ਕਰਨਾ ਚਾਹੀਦਾ ਹੈ।** ਮੁੱਢਲੀ ਰੋਕਥਾਮ, ਸ਼ੁਰੂਆਤੀ ਦਖ਼ਲ, ਸੰਕਟ ਅਤੇ ਰਿਕਵਰੀ, ਅਤੇ ਸਾਰੀਆਂ ਸੇਵਾ ਪ੍ਰਣਾਲੀਆਂ ਦੇ ਪ੍ਰਤੀਨਿਧੀਆਂ ਨੂੰ ਇਸ ਲਈ ਬੁਲਾਇਆ ਜਾਣਾ ਚਾਹੀਦਾ ਹੈ, ਤਾਂ ਜੋ ਮਾਹਰ ਸਹਾਇਤਾ ਸਾਰਿਆਂ ਲਈ ਉਪਲਬਧ ਹੋਵੇ, ਜਿਸ ਵਿੱਚ ਉਹ ਵੀ ਸ਼ਾਮਿਲ ਹਨ ਜਿਨ੍ਹਾਂ ਨੂੰ ਵਧੇਰੇ ਗੁੰਝਲਦਾਰ ਜਾਂ ਸੂਖਮ ਸੇਵਾ ਜਵਾਬੀ-ਪ੍ਰਤੀਕਰਮ ਦੀ ਲੋੜ ਹੁੰਦੀ ਹੈ। ਭਾਈਚਾਰੇ ਦੀ ਅਗਵਾਈ ਵਾਲੇ ਜਵਾਬੀ-ਪ੍ਰਤੀਕਰਮ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ।
- ਨਿਵੇਸ਼ ਅਤੇ ਪ੍ਰੋਗਰਾਮ ਵਿੱਚ ਸੁਧਾਰ ਨੂੰ ਸੂਚਿਤ ਕਰਨ ਲਈ **ਪ੍ਰਭਾਵਸ਼ਾਲੀ ਖੋਜ, ਡੇਟਾ ਅਤੇ ਮੁਲਾਂਕਣ** ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦੇਣਾ ਚਾਹੀਦਾ ਹੈ ਅਤੇ ਸਾਨੂੰ ਸਾਡੀ ਤਰੱਕੀ ਅਤੇ ਕਾਰਗੁਜ਼ਾਰੀ ਨੂੰ ਮਾਪਣ ਦੇ ਯੋਗ ਬਣਾਉਣਾ ਚਾਹੀਦਾ ਹੈ। ਇਸ ਨੂੰ ਮੌਜੂਦਾ ਸਬੂਤ ਆਧਾਰਾਂ 'ਤੇ ਬਣਾਉਣਾ ਚਾਹੀਦਾ ਹੈ, ਜਿਵੇਂ ਕਿ Personal Safety Survey (ਨਿੱਜੀ ਸੁਰੱਖਿਆ ਸਰਵੇਖਣ) ਅਤੇ National Community Attitudes Survey (ਰਾਸ਼ਟਰੀ ਭਾਈਚਾਰਕ ਰਵੱਈਏ ਸਰਵੇਖਣ)। ਇਹ ਲੰਬੀ-ਮਿਆਦ ਲਈ ਹੋਣਾ ਚਾਹੀਦਾ ਹੈ ਅਤੇ ਹਿੰਸਾ ਦੇ ਅੰਤਰੀਵ ਪ੍ਰੇਰਕਾਂ ਨੂੰ ਅਤੇ ਮੁੱਢਲੀ ਰੋਕਥਾਮ 'ਤੇ ਰਾਸ਼ਟਰੀ ਤਰੱਕੀ ਨੂੰ ਮਾਪੇ ਜਾਣ ਦੇ ਸਮਰੱਥ ਬਣਾਉਣਾ ਚਾਹੀਦਾ ਹੈ।
- **ਨਿਆਂ ਅਤੇ ਸਦਮੇ ਤੋਂ ਉਭਾਰਨ** ਦੀ ਮਹੱਤਤਾ ਨੂੰ ਪਛਾਣਨਾ ਅਤੇ ਔਰਤਾਂ ਅਤੇ ਬੱਚਿਆਂ ਪ੍ਰਤੀ ਹਿੰਸਾ ਦੇ ਕਾਰਨ ਅਣਦੱਸੇ ਅਤੇ ਅਣਸੁਲਝੇ ਸਦਮੇ ਤੋਂ ਉੱਭਰਨ ਦੀ ਆਗਿਆ ਦੇਣ ਲਈ ਸਰਕਾਰੀ ਸਹਾਇਤਾ ਦੀ ਜ਼ਰੂਰਤ ਨੂੰ ਪਛਾਣਨਾ ਚਾਹੀਦਾ ਹੈ।
- ਇਸ ਗੱਲ 'ਤੇ ਜ਼ੋਰ ਦੇਣਾ ਚਾਹੀਦਾ ਹੈ ਕਿ **ਔਰਤਾਂ ਅਤੇ ਬੱਚਿਆਂ ਦੇ ਪ੍ਰਤੀ ਮਰਦਾਂ ਵਲੋਂ ਕੀਤੀ ਜਾਂਦੀ ਹਿੰਸਾ ਨਾਲ ਨਜਿੱਠਣ ਨੂੰ ਸਾਰੀਆਂ ਸੈਟਿੰਗਾਂ ਵਿੱਚ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ**, ਜਿਸ ਵਿੱਚ ਕੰਮ, ਸਿੱਖਿਆ, ਜਨਤਕ, ਸੰਸਥਾਗਤ ਅਤੇ ਹੋਰ ਭਾਈਚਾਰਕ ਸਥਾਨਾਂ ਦੇ ਨਾਲ-ਨਾਲ ਘਰ ਵਿੱਚ ਵੀ ਸ਼ਾਮਲ ਹੋਣਾ ਚਾਹੀਦਾ ਹੈ। ਇਸ ਵਿੱਚ ਮਰਦਾਨਗੀ ਦੇ ਹਾਵੀ ਰੂਪਾਂ ਨਾਲ ਨਜਿੱਠਣ ਵਾਲੇ ਰੋਕਥਾਮ ਦੇ ਕੰਮ ਨੂੰ ਸ਼ਾਮਲ ਕਰਨਾ ਚਾਹੀਦਾ ਹੈ, ਕੱਟੜ ਲਿੰਗ ਰੂੜ੍ਹੀਵਾਦ ਅਤੇ ਹਮਲਾਵਰ ਵਤੀਰੇ ਦੇ ਅਧਾਰ 'ਤੇ ਪੁਰਸ਼ ਸਾਥੀ ਸਬੰਧਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ।
- ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੁਲਿਸ, ਨਿਆਂ ਪ੍ਰਣਾਲੀਆਂ, ਅਤੇ ਫਰੰਟਲਾਈਨ ਸੇਵਾਵਾਂ ਵਰਗੇ ਖੇਤਰਾਂ ਵਿੱਚ **ਸਿਖਲਾਈ ਅਤੇ ਕਰਮਚਾਰੀ ਬਲ ਵਿਕਾਸ ਅਤੇ ਸਹਾਇਤਾ ਹੈ**,ਉਹਨਾਂ ਦੇ ਪਿਛੋਕੜ ਜਾਂ ਜੀਵਿਤ ਅਨੁਭਵ ਦੀ ਪਰਵਾਹ ਕੀਤੇ ਬਿਨਾਂ ਅਤੇ ਮਾਹਰ ਰੋਕਥਾਮ, ਦਖ਼ਲ, ਜਵਾਬੀ-ਪ੍ਰਤੀਕਰਮ ਅਤੇ ਰਿਕਵਰੀ ਸੇਵਾਵਾਂ ਦੇ ਸੰਬੰਧ ਵਿੱਚ ਇਹ ਯਕੀਨੀ ਬਣਾਉਣ ਲਈ ਕਿ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਲਈ ਜਵਾਬੀ-ਪ੍ਰਤੀਕਰਮ ਅਤੇ ਸਹਾਇਤਾ ਸਾਰੇ ਲੋਕਾਂ ਲਈ ਉਚਿਤ ਹਨ।
- **ਇਹ ਯਕੀਨੀ ਬਣਾਉਣ ਲਈ ਨਿਆਂ ਪ੍ਰਣਾਲੀ ਵਿੱਚ ਨਿਰੰਤਰ ਸੁਧਾਰ ਕਰਨਾ ਚਾਹੀਦਾ ਹੈ** ਕਿ ਜਿਨਸੀ, ਘਰੇਲੂ ਅਤੇ ਪਰਿਵਾਰਕ ਹਿੰਸਾ ਤੋਂ ਪ੍ਰਭਾਵਿਤ ਲੋਕ ਨਿਆਂ ਪ੍ਰਾਪਤ ਕਰਨ ਦੇ ਯੋਗ ਹਨ ਅਤੇ ਹਿੰਸਾ ਅਤੇ ਸੋਸ਼ਣ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਜਵਾਬਦੇਹ ਬਣਾਇਆ ਜਾਂਦਾ ਹੈ, ਅਤੇ ਹਿੰਸਾ ਨੂੰ ਰੋਕਣ ਅਤੇ ਹੱਲ ਕਰਨ ਲਈ ਹੋਰ ਪਰਿਵਰਤਨਸ਼ੀਲ ਰਣਨੀਤੀਆਂ ਦੀ ਪੜਚੋਲ ਕਰਨੀ ਚਾਹੀਦੀ ਹੈ।
- ਪਛਾਣਨਾ ਚਾਹੀਦਾ ਹੈ ਕਿ ਕਮਿਊਨਿਟੀ ਸੰਗਠਨਾਂ ਨਾਲ ਮਜ਼ਬੂਤ ਅਤੇ ਸਥਾਈ ਭਾਈਵਾਲੀ ਦੇ ਪ੍ਰਚਾਰ ਰਾਹੀਂ ਲਿੰਗ-ਆਧਾਰਿਤ ਹਿੰਸਾ ਦੇ ਵਿਭਿੰਨ ਰੂਪਾਂ ਨੂੰ ਹੱਲ ਕਰਨ ਲਈ **ਕਮਿਊਨਿਟੀ-ਅਗਵਾਈ ਅਤੇ ਸਥਾਨ-ਆਧਾਰਿਤ** ਜਵਾਬੀ-ਪ੍ਰਤੀਕਰਮ ਮਹੱਤਵਪੂਰਨ ਹਨ।
- ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ , ਗੰਭੀਰ ਜੀਵਨ ਭਰ ਦੇ ਨਕਾਰਾਤਮਕ ਸਿੱਟਿਆਂ ਅਤੇ ਆਰਥਿਕ ਲਾਗਤਾਂ ਦੇ ਨਾਲ, **ਬੱਚਿਆਂ ਅਤੇ ਨੌਜਵਾਨਾਂ ਨੂੰ ਉਨ੍ਹਾਂ ਨੂੰ ਆਪਣੇ ਅਧਿਕਾਰ ਵਿੱਚ ਹਿੰਸਾ ਦੇ ਪੀੜਤ ਅਤੇ ਬਚ ਨਿਕਲੇ ਹੋਏ ਲੋਕਾਂ** ਵਜੋਂ ਸਵੀਕਾਰ ਕੀਤਾ ਗਿਆ ਹੈ।
- ਹੋਰ ਰਾਸ਼ਟਰੀ ਰਣਨੀਤੀਆਂ ਅਤੇ ਪਹਿਲਕਦਮੀਆਂ ਨਾਲ ਜੋੜਨਾ ਚਾਹੀਦਾ ਹੈ, ਇਸ ਲਈ **ਸਾਡੇ ਕੋਲ ਲਿੰਗ-ਆਧਾਰਿਤ ਹਿੰਸਾ ਦੇ ਸਾਰੇ ਰੂਪਾਂ, ਖ਼ਾਸ ਕਰਕੇ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਨੂੰ ਖ਼ਤਮ ਕਰਨ ਲਈ ਇੱਕ ਤਾਲਮੇਲ ਅਤੇ ਅੰਤਰ-ਖੇਤਰ ਪਹੁੰਚ ਹੈ।**
- ਇਹ ਸਵੀਕਾਰਨਾ ਚਾਹੀਦਾ ਹੈ ਕਿ ਔਰਤਾਂ ਵਿਰੁੱਧ ਹਿੰਸਾ ਨੂੰ ਖ਼ਤਮ ਕਰਨਾ **ਹਰ ਕਿਸੇ ਦੀ ਜ਼ਿੰਮੇਵਾਰੀ ਹੈ** ਅਤੇ ਹਰ ਕਿਸੇ ਲਈ ਨਿਭਾਉਣ ਲਈ ਅਗਵਾਈ ਵਾਲੀ ਭੂਮਿਕਾ ਹੈ, ਖ਼ਾਸ ਕਰਕੇ **ਕਾਰੋਬਾਰਾਂ ਲਈ।** ਇਸ ਵਿੱਚ ਇਸ ਬਾਰੇ ਆਲੋਚਨਾਤਮਕ ਤੌਰ 'ਤੇ ਸੋਚਣਾ ਸ਼ਾਮਲ ਹੋ ਸਕਦਾ ਹੈ ਕਿ ਕਾਰੋਬਾਰ ਆਪਣੇ ਕਰਮਚਾਰੀਆਂ ਵਿੱਚ ਲਿੰਗ ਸਮਾਨਤਾ ਨੂੰ ਕਿਵੇਂ ਵਧਾ ਸਕਦੇ ਹਨ, ਉਤਪਾਦਾਂ ਅਤੇ ਸੇਵਾਵਾਂ ਨੂੰ ਸੁਰੱਖਿਅਤ ਬਣਾਉਣ ਅਤੇ ਦੁਰਵਰਤੋਂ ਨੂੰ ਰੋਕਣ ਲਈ ਡਿਜ਼ਾਈਨ

ਕਰਨਾ, ਅਤੇ ਕੀ ਸਥਿਰ ਪ੍ਰਣਾਲੀਆਂ ਅਣਜਾਣੇ ਵਿੱਚ ਲਿੰਗ-ਆਧਾਰਿਤ ਹਿੰਸਾ ਦਾ ਸਮਰਥਨ ਕਰਨ ਵਾਲੇ ਰਵੱਈਏ ਅਤੇ ਵਿਵਹਾਰ ਨੂੰ ਸਮਰੱਥ ਬਣਾ ਰਹੀਆਂ ਹਨ।

## ਹਿੰਸਾ ਸ਼ੁਰੂ ਹੋਣ ਤੋਂ ਪਹਿਲਾਂ ਇਸਨੂੰ ਰੋਕਣ ਲਈ, ਰੋਕਥਾਮ ਕਰਨਾ ਸਾਡਾ ਕੇਂਦਰ ਹੋਣਾ ਚਾਹੀਦਾ ਹੈ।

ਮੁੱਢਲੀ ਰੋਕਥਾਮ ਨੂੰ ਲਾਜ਼ਮੀ ਤੌਰ 'ਤੇ ਇਸ ਦੇ ਸ਼ੁਰੂ ਹੋਣ ਤੋਂ ਪਹਿਲਾਂ, ਔਰਤਾਂ ਅਤੇ ਬੱਚਿਆਂ ਅਤੇ ਲਿੰਗ-ਆਧਾਰਿਤ ਹਿੰਸਾ ਦੁਆਰਾ ਪ੍ਰਭਾਵਿਤ ਹੋਰਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਸਾਡੀ ਲੰਬੀ-ਮਿਆਦ ਦੀ ਰਣਨੀਤੀ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਸ ਵਿੱਚ ਨਾ ਸਿਰਫ਼ ਵਿਅਕਤੀਗਤ ਪੱਧਰ 'ਤੇ ਰਵੱਈਏ ਅਤੇ ਵਿਵਹਾਰ ਨੂੰ ਬਦਲਣਾ ਸ਼ਾਮਲ ਹੈ, ਪਰ ਉਸੇ ਸਮੇਂ ਸੰਗਠਨਾਤਮਕ, ਭਾਈਚਾਰੇ, ਪ੍ਰਣਾਲੀ-ਵਿਆਪਕ ਅਤੇ ਸਮਾਜਿਕ ਪੱਧਰਾਂ ਸਮੇਤ ਸਾਰੀਆਂ ਸੈਟਿੰਗਾਂ ਵਿੱਚ ਕਾਰਵਾਈਆਂ ਕਰਨਾ ਸ਼ਾਮਲ ਹੈ - ਜਿੱਥੇ ਲੋਕ ਸਿੱਖਦੇ ਹਨ, ਕੰਮ ਕਰਦੇ ਹਨ, ਰਹਿੰਦੇ ਹਨ ਅਤੇ ਖੇਡਦੇ ਹਨ ਅਤੇ ਵਿਅਕਤੀਆਂ, ਪਰਿਵਾਰਾਂ ਅਤੇ ਭਾਈਚਾਰੇ ਵਿੱਚ।[2] ਸਰਕਾਰ, ਕਾਰੋਬਾਰ ਅਤੇ ਭਾਈਚਾਰੇ ਸਮੇਤ ਸਾਰੇ ਖੇਤਰਾਂ ਵਿੱਚ, ਸਾਰੇ ਸੱਭਿਆਚਾਰਾਂ ਦੀਆਂ ਔਰਤਾਂ ਦੁਆਰਾ ਪੂਰੀ ਤਰ੍ਹਾਂ ਜਨਤਕ ਭਾਗੀਦਾਰੀ ਅਤੇ ਪ੍ਰਤੱਖ ਅਗਵਾਈ ਹੋਣੀ ਚਾਹੀਦੀ ਹੈ। ਸਾਨੂੰ ਵਿਭਿੰਨ ਭਾਈਚਾਰਿਆਂ ਦੀਆਂ ਅਵਾਜ਼ਾਂ ਨੂੰ ਸੁਣਨਾ ਚਾਹੀਦਾ ਹੈ ਅਤੇ ਉਹਨਾਂ ਦੀਆਂ ਜ਼ਰੂਰਤਾਂ ਦੇ ਅਨੁਸਾਰ ਰੋਕਥਾਮ ਅਤੇ ਸ਼ੁਰੂਆਤੀ ਦਖ਼ਲ ਦੇ ਜਵਾਬੀ-ਪ੍ਰਤੀਕਰਮਾਂ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।

ਰੋਕਥਾਮ ਵਾਲੇ ਤਰੀਕਿਆਂ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਕਾਰਕਾਂ ਨੂੰ ਮਜ਼ਬੂਤ ਕਰਨ ਅਤੇ ਉਤੇਜਕ ਵਾਲੇ ਕਾਰਕਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ ਜੋ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਨੂੰ ਹੋਰ ਤੇਜ਼ ਕਰ ਸਕਦੇ ਹਨ, ਜਿਸ ਵਿੱਚ ਅਪਰਾਧੀ ਦੇ ਹਿੰਸਾ, ਸਦਮੇ, ਅਪਾਹਜਤਾ ਅਤੇ ਅਲਕੋਹਲ ਅਤੇ ਹੋਰ ਨਸ਼ੀਲੇ ਪਦਾਰਥਾਂ ਦੀ ਵਰਤੋਂ ਦਾ ਆਪਣਾ ਅਨੁਭਵ ਸ਼ਾਮਲ ਹੈ। ਉਦਾਹਰਨ ਲਈ, ਅਪਰਾਧੀਆਂ ਦੁਆਰਾ ਸ਼ਰਾਬ ਦੀ ਦੁਰਵਰਤੋਂ ਦੀਆਂ ਉੱਚੀਆਂ ਦਰਾਂ, ਅਤੇ ਅਪਰਾਧੀਆਂ ਵਿੱਚ ਦਿਮਾਗੀ ਸੱਟ ਦੀਆਂ ਅਨੁਪਾਤਕ ਤੌਰ 'ਤੇ ਉੱਚ ਦਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਇਹ ਸਮਝਣ ਲਈ ਹੋਰ ਕੰਮ ਕਰਨ ਦੀ ਲੋੜ ਹੈ ਕਿ ਉਤੇਜਕ ਕਾਰਕ ਕਿਵੇਂ ਹਿੰਸਕ ਵਿਵਹਾਰਾਂ ਨੂੰ ਪ੍ਰਭਾਵਤ ਕਰ ਸਕਦੇ ਹਨ ਅਤੇ, ਜਿੱਥੇ ਉਚਿਤ ਹੋਵੇ, ਇਹਨਾਂ ਕਾਰਕਾਂ ਨੂੰ ਹੱਲ ਕਰਨ ਲਈ ਉਦਯੋਗ ਦੇ ਨਾਲ ਸਾਂਝੇਦਾਰੀ ਵਿੱਚ ਕੰਮ ਕਰੋ।

## ਹਿੰਸਾ ਨੂੰ ਰੋਕਣ ਲਈ ਲਿੰਗ ਬਰਾਬਰਤਾ ਦੀ ਪ੍ਰਾਪਤੀ ਕਰਨਾ ਕੁੰਜੀ ਹੈ

ਪਛਾਣ, ਯੋਗਤਾ, ਨਸਲ ਅਤੇ ਰੁਤਬੇ ਦੀ ਪਰਵਾਹ ਕੀਤੇ ਬਿਨਾਂ, ਸਾਰੀਆਂ ਔਰਤਾਂ ਨੂੰ ਹਿੰਸਾ ਅਤੇ ਛੇੜ- ਛਾੜ ਤੋਂ ਮੁਕਤ ਰਹਿਣ ਅਤੇ ਕੰਮ ਕਰਨ ਦਾ ਅਧਿਕਾਰ ਹੈ। ਸਾਨੂੰ ਅਜਿਹਾ ਮਾਹੌਲ ਸਿਰਜਣ ਲਈ ਲਿੰਗ ਅਸਮਾਨਤਾ ਦੇ ਸਮਾਜਿਕ ਸੰਦਰਭ ਨੂੰ ਵੀ ਹੱਲ ਕਰਨਾ ਚਾਹੀਦਾ ਹੈ ਜੋ ਸਾਨੂੰ ਹਿੰਸਾ ਦੇ ਲਿੰਗੀ ਪ੍ਰੇਰਕਾਂ ਨੂੰ ਹੱਲ ਕਰਨ ਦੀ ਇਜਾਜ਼ਤ ਦਿੰਦਾ ਹੈ, ਜੋ ਕਿ ਹੋਰ ਸਮਾਜਿਕ ਬੇਇਨਸਾਫ਼ੀਆਂ ਨਾਲ ਮੇਲ ਖਾਂਦਾ ਹੈ ਅਤੇ ਜਿਸ ਵਿੱਚ ਹਿੰਸਾ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ। ਇਸ ਵਿੱਚ ਲੀਡਰਸ਼ਿਪ ਅਤੇ ਫੈਸਲੇ ਲੈਣ ਦੀਆਂ ਭੂਮਿਕਾਵਾਂ ਵਿੱਚ ਔਰਤਾਂ ਦੀ ਬਰਾਬਰ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣਾ ਅਤੇ ਔਰਤਾਂ ਦੀ ਆਰਥਿਕ ਸੁਰੱਖਿਆ ਅਤੇ ਵਿੱਤੀ ਸੁਰੱਖਿਆ ਲਈ ਨੀਤੀ ਅਤੇ ਢਾਂਚਾਗਤ ਵਿਘਨਕਾਰੀ ਕਾਰਕਾਂ ਨੂੰ ਹੱਲ ਕਰਨਾ ਸ਼ਾਮਲ ਹੈ। ਇਸ ਵਿੱਚ ਭੁਗਤਾਨ-ਸੁਦਾ ਜਣੇਪਾ ਛੁੱਟੀ ਵਿੱਚ ਸੁਧਾਰ ਕਰਨ ਨੂੰ, ਸੁਪਰਐਨੂਏਸ਼ਨ (ਸੇਵਾਮੁਕਤੀ-ਭੁਗਤਾਨ) ਦੀ ਮਹੱਤਵਪੂਰਨ ਭੂਮਿਕਾ, ਆਮਦਨੀ ਸਹਾਇਤਾ, ਬਾਲ-ਦੇਖਭਾਲ ਤੱਕ ਪਹੁੰਚ ਅਤੇ ਬਜ਼ੁਰਗ ਔਰਤਾਂ ਲਈ ਸਹਾਇਤਾ ਜੋ ਵਿਸ਼ੇਸ਼ ਤੌਰ 'ਤੇ ਵਿੱਤੀ ਅਸੁਰੱਖਿਆ ਦੇ ਜ਼ੋਖਮ ਵਿੱਚ ਹਨ, ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ । ਇਸ ਨੂੰ ਲਾਜ਼ਮੀ ਤੌਰ 'ਤੇ ਪਰਿਵਾਰਕ ਅਤੇ ਘਰੇਲੂ ਹਿੰਸਾ ਕਾਰਨ ਭੁਗਤਾਨ-ਸੁਦਾ ਛੁੱਟੀ ਤੱਕ ਵਿਆਪਕ ਪਹੁੰਚ ਬਣਾਉਣ ਲਈ ਇਕੱਠੇ ਆਉਣ ਵਿੱਚ ਸਰਕਾਰ, ਕਾਰੋਬਾਰ ਅਤੇ ਯੂਨੀਅਨਾਂ ਦੀ ਸਾਂਝੀ ਭੂਮਿਕਾ ਨੂੰ ਪਛਾਣਨਾ ਚਾਹੀਦਾ ਹੈ।

ਸਾਨੂੰ ਔਰਤਾਂ ਅਤੇ ਮਰਦਾਂ 'ਤੇ COVID-19 ਦੇ ਵੱਖ-ਵੱਖ ਪ੍ਰਭਾਵਾਂ ਨੂੰ ਵੀ ਲਾਜ਼ਮੀ ਤੌਰ 'ਤੇ ਪਛਾਣਨਾ ਚਾਹੀਦਾ ਹੈ, ਖ਼ਾਸ ਤੌਰ 'ਤੇ ਔਰਤਾਂ ਦੀ ਸੁਰੱਖਿਆ ਅਤੇ ਆਰਥਿਕ ਸੁਰੱਖਿਆ 'ਤੇ ਇਸਦਾ ਪ੍ਰਭਾਵ, ਅਤੇ ਜੋ ਮੌਕੇ ਮਹਾਂਮਾਰੀ ਤੋਂ ਸਾਡੀ ਰਿਕਵਰੀ ਲਿੰਗ ਅਸਮਾਨਤਾ ਨੂੰ ਹੋਰ ਘਟਾਉਣ ਲਈ ਪੇਸ਼ ਕਰਦੀ ਹੈ। ਅਸੀਂ ਨੋਟ ਕਰਦੇ ਹਾਂ ਕਿ National Cabinet (ਰਾਸ਼ਟਰੀ ਮੰਤਰੀ-ਮੰਡਲ) ਨੇ ਔਰਤਾਂ ਦੀ ਆਰਥਿਕ ਸੁਰੱਖਿਆ ਦੇ ਉਦੇਸ਼ਾਂ 'ਤੇ ਰਾਸ਼ਟਰੀ ਪੱਧਰ 'ਤੇ ਇਕਸਾਰ ਰਿਪੋਰਟਿੰਗ ਫਰੇਮਵਰਕ ਵਿਕਸਿਤ ਕਰਨ ਲਈ ਸਹਿਮਤੀ ਦਿੱਤੀ ਹੈ।

[2] 'Change the Story', OurWatch, www.ourwatch.org.au/change-the-story/

## Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਲਈ ਨਤੀਜਿਆਂ ਵਿੱਚ ਸੁਧਾਰ ਕਰਨਾ ਤਰਜ਼ੀਹ ਹੈ

Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ), ਔਰਤਾਂ, ਬੱਚੇ ਅਤੇ ਪੁਰਸ਼ ਆਪਣੀ ਜ਼ਿੰਦਗੀ ਸੁਰੱਖਿਆ ਅਤੇ ਪੂਰੇ ਮਨੁੱਖੀ ਮਾਣ-ਸਨਮਾਨ ਨਾਲ ਜਿਊਣ ਦੇ ਹੱਕਦਾਰ ਹਨ। ਪਰਿਵਾਰਕ ਹਿੰਸਾ ਘਿਣਾਉਣੀ ਹੈ, Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਸੱਭਿਆਚਾਰਾਂ ਲਈ ਸਤਿਕਾਰ ਦੀ ਘਾਟ ਬਾਰੇ ਹੈ ਅਤੇ ਆਦਿਵਾਸੀ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਸਮਾਜਾਂ ਵਿੱਚ ਕੋਈ ਥਾਂ ਨਹੀਂ ਹੈ; ਹਾਲਾਂਕਿ ਇਸਦੇ ਹੱਲ ਗੁੰਝਲਦਾਰ, ਵਿਭਿੰਨ ਹਨ ਅਤੇ ਲੰਬੇ ਸਮੇਂ ਦੀ ਵਚਨਬੱਧਤਾ ਅਤੇ ਕਾਰਵਾਈ ਦੀ ਲੋੜ ਹੈ। National Plan (ਰਾਸ਼ਟਰੀ ਯੋਜਨਾ) ਦੇ ਤਹਿਤ ਇਕ ਵੱਖਰੀ Aboriginal and Torres Strait Islander (ਨੈਸ਼ਨਲ ਐਬੋਰਿਜਿਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਕਾਰਜ ਯੋਜਨਾ ਹੋਣੀ ਚਾਹੀਦੀ ਹੈ।

ਅਗਲੀ ਰਾਸ਼ਟਰੀ ਯੋਜਨਾ ਨੂੰ ਲਾਗੂ ਕਰਨਾ Government’s commitment on the National Agreement on Closing the Gap (ਪਾੜੇ ਨੂੰ ਬੰਦ ਕਰਨ ਦੇ ਰਾਸ਼ਟਰੀ ਸਮਝੌਤੇ 'ਤੇ ਸਰਕਾਰ ਦੀ ਵਚਨਬੱਧਤਾ) ਦੀ ਸਹਾਇਤਾ ਕਰੇਗਾ, ਖ਼ਾਸ ਤੌਰ 'ਤੇ ਚਾਰ ਸੁਧਾਰ ਤਰਜੀਹਾਂ ਅਤੇ ਟੀਚੇ 13 ਦੇ ਸਬੰਧ ਵਿੱਚ। ਇਸ ਨੂੰ ਮੌਜੂਦਾ ਵਚਨਬੱਧਤਾਵਾਂ ਅਤੇ ਮਸ਼ੀਨਰੀ, ਜਿਵੇਂ ਕਿ Coalition of Peaks (ਕੁਲੀਸ਼ਨ ਆਫ਼ ਪੀਕਸ) ਅਨੁਸਾਰ ਬਣਾਉਣਾ ਚਾਹੀਦਾ ਹੈ, ਤਾਂ ਜੋ ਦੋਵੇਂ ਰਣਨੀਤੀਆਂ ਸਾਂਝੇਦਾਰੀ ਵਿੱਚ ਇਕੱਠੇ ਕੰਮ ਕਰਨ।

Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਅਤੇ ਭਾਈਚਾਰਿਆਂ) ਦੀ ਹਿੰਸਾ ਦੇ ਸਾਰੇ ਰੂਪਾਂ ਦੁਆਰਾ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਬਹੁਤ ਜ਼ਿਆਦਾ ਪ੍ਰਤੀਨਿਧਤਾ ਨੂੰ ਸਿਰਫ ਉਹਨਾਂ ਜਵਾਬੀ-ਪ੍ਰਤੀਕਰਮ ਨਾਲ ਹੱਲ ਕੀਤਾ ਜਾ ਸਕਦਾ ਹੈ ਜੋ ਪਛਾਣ, ਡਿਜ਼ਾਈਨ, ਲਾਗੂ ਕਰਨ ਅਤੇ ਸਾਰੀਆਂ ਕੋਸ਼ਿਸ਼ਾਂ ਦੇ ਮੁਲਾਂਕਣ ਵਿੱਚ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਅਤੇ ਸੰਸਥਾਵਾਂ ਦੁਆਰਾ ਅਗਵਾਈ ਕੀਤੇ ਜਾਂਦੇ ਹੋਣ। National Plan (ਰਾਸ਼ਟਰੀ ਯੋਜਨਾ) ਦੇ ਪ੍ਰਬੰਧ ਜੋ ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨਾਲ ਨਜਿੱਠਦੇ ਹਨ, ਜੋ ਕਿ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਨੂੰ ਸ਼ਾਮਲ ਕਰਦੇ ਹਨ ਅਤੇ ਸੂਚਿਤ ਕਰਦੇ ਹਨ। ਇਹ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਨਾਲ ਸੱਚੀ ਭਾਈਵਾਲੀ ਅਤੇ ਪੂਰਨ ਰੂਪ ਵਿੱਚ ਭਾਗੀਦਾਰੀ 'ਤੇ ਅਧਾਰਿਤ ਹੋਣਾ ਚਾਹੀਦਾ ਹੈ, ਜਿਸ ਵਿੱਚ ਭਾਈਚਾਰੇ ਦੇ ਬਜ਼ੁਰਗਾਂ ਦੇ ਗਿਆਨ ਦੀ ਵਰਤੋਂ ਕਰਨਾ ਸ਼ਾਮਲ ਹੈ।

ਇਸ ਅਗਲੀ National Plan (ਰਾਸ਼ਟਰੀ ਯੋਜਨਾ) ਨੂੰ National Agreement (ਰਾਸ਼ਟਰੀ ਸਮਝੌਤੇ) ਦੇ ਤਹਿਤ ਦੱਸੇ ਗਏ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਦੇ ਸਵੈ-ਨਿਰਣੇ ਦੇ ਸਿਧਾਂਤਾਂ ਦੀ ਲਾਜ਼ਮੀ ਤੌਰ 'ਤੇ ਪਾਲਣਾ ਕਰਨੀ ਚਾਹੀਦੀ ਹੈ। ਇਸ ਲਈ ਸਾਰੇ ਪ੍ਰਭਾਵਿਤ ਲੋਕਾਂ ਨੂੰ ਢਾਂਚਾਗਤ ਨਸਲਵਾਦ ਨਾਲ ਨਜਿੱਠਣ ਅਤੇ ਸੱਭਿਆਚਾਰਕ ਸੁਰੱਖਿਅਤ ਅਭਿਆਸਾਂ ਅਤੇ ਸੰਪੂਰਨ ਪਹੁੰਚ-ਤਰੀਕਿਆਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਨੂੰ ਤਰਜੀਹ ਦੇਣ ਦੀ ਲੋੜ ਹੁੰਦੀ ਹੈ। Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਸੰਗਠਨਾਂ ਅਤੇ ਭਾਈਚਾਰਿਆਂ ਦੀ ਸਮਰੱਥਾ ਨੂੰ ਬਣਾਉਣ ਲਈ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਨੂੰ ਪਰਿਵਾਰਕ ਹਿੰਸਾ ਦੇ ਜਵਾਬੀ-ਪ੍ਰਤੀਕਰਮ ਦੇ ਸਾਰੇ ਖੇਤਰਾਂ ਵਿੱਚ ਫ਼ੈਸਲੇ ਲੈਣ ਅਤੇ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਗਵਾਈ ਕਰਨ ਦੇ ਯੋਗ ਬਣਾਉਣ ਦੀ ਲੋੜ ਹੈ। ਆਦਿਵਾਸੀ ਭਾਈਚਾਰੇ-ਦੁਆਰਾ-ਨਿਯੰਤਰਿਤ ਸਿਹਤ ਸੇਵਾਵਾਂ ਸੈਕਟਰ ਅਤੇ ਹੋਰ ਆਦਿਵਾਸੀ ਭਾਈਚਾਰੇ-ਦੁਆਰਾ-ਨਿਯੰਤਰਿਤ ਸੰਸਥਾਵਾਂ ਦੀ ਪਰਿਵਾਰਾਂ ਨੂੰ ਮਜ਼ਬੂਤ ਬਣਾਉਣ, ਵਿਅਕਤੀਗਤ ਅਤੇ ਭਾਈਚਾਰਕ ਪੱਧਰ 'ਤੇ ਹਿੰਸਾ ਨੂੰ ਰੋਕਣ, ਅਤੇ ਪੀੜ੍ਹੀ-ਦਰ-ਪੀੜ੍ਹੀ ਚੱਲੇ ਆਉਂਦੇ ਸਦਮੇ ਤੋਂ ਉੱਭਰਨ ਅਤੇ ਆਦਿਵਾਸੀ ਸਵੈ-ਨਿਰਣਾ ਕਰਨ ਨੂੰ ਅਮਲ ਵਿੱਚ ਲਿਆਉਣ ਵਿੱਚ ਕੇਂਦਰੀ ਭੂਮਿਕਾ ਹੈ।

ਅਸੀਂ ਪਛਾਣਦੇ ਹਾਂ ਕਿ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਦੁਆਰਾ ਅਨੁਭਵ ਕੀਤੇ ਨੁਕਸਾਨ ਦੀ ਚੌੜਾਈ, ਬਸਤੀਵਾਦ ਦੇ ਪੀੜ੍ਹੀ-ਦਰ-ਪੀੜ੍ਹੀ ਸਦਮੇ, ਪਿਛਲੇ ਪੁਲਿਸ ਅਤੇ ਸਰਕਾਰਾਂ ਦੇ ਅਭਿਆਸਾਂ ਨੇ ਉਹਨਾਂ ਦੁਆਰਾ ਅਨੁਭਵ ਕੀਤੇ ਗਏ ਹਿੰਸਾ ਦੇ ਅਸਵੀਕਾਰਨਯੋਗ ਪੱਧਰਾਂ ਵਿੱਚ ਯੋਗਦਾਨ ਪਾਇਆ ਹੈ। Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਲੋਕਾਂ ਨੂੰ ਉਨ੍ਹਾਂ ਲਈ ਅਨੁਕੂਲਿਤ ਅਤੇ ਸੱਭਿਆਚਾਰਕ ਤੌਰ 'ਤੇ ਢੁਕਵੇਂ ਜਵਾਬੀ-ਪ੍ਰਤੀਕਰਮਾਂ ਦੀ ਅਗਵਾਈ ਕਰਨ ਲਈ ਸਮਰਥਨ ਕੀਤੇ ਜਾਣ ਦੀ ਲੋੜ ਹੈ। ਇਹ ਸਿਰਫ਼ ਪਰਿਵਾਰਕ ਹਿੰਸਾ ਲਈ ਵਿਸ਼ੇਸ਼ ਪ੍ਰੋਗਰਾਮਾਂ ਰਾਹੀਂ ਨਹੀਂ ਹੈ, ਸਗੋਂ ਨੁਕਸਾਨ ਦੇ ਸਾਰੇ ਖੇਤਰਾਂ ਅਤੇ ਨੀਤੀ ਬਣਾਉਣ ਅਤੇ ਸੇਵਾ ਪ੍ਰਦਾਨ ਕਰਨ ਦੇ ਸਾਰੇ ਪਹਿਲੂਆਂ, ਖ਼ਾਸ ਤੌਰ 'ਤੇ ਸਿਹਤ, ਤੰਦਰੁਸਤੀ, ਰਿਹਾਇਸ਼, ਬਾਲ ਸੁਰੱਖਿਆ, ਸਿੱਖਿਆ ਅਤੇ ਰੁਜ਼ਗਾਰ ਲਈ ਹੈ। ਸਰਕਾਰੀ ਅਧਿਕਾਰੀਆਂ ਅਤੇ ਕਮਿਊਨਿਟੀ ਮੈਂਬਰਾਂ ਨੂੰ ਇਹ ਮਹਿਸੂਸ ਕਰਨਾ ਚਾਹੀਦਾ ਹੈ ਕਿ ਉਹ ਹਿੰਸਾ ਦੀ ਰਿਪੋਰਟ ਕਰਨ ਵਿੱਚ ਨਿਡਰ ਅਤੇ ਦਲੇਰ ਹੋ ਸਕਦੇ ਹਨ। ਪ੍ਰੋਗਰਾਮਾਂ ਅਤੇ ਸੇਵਾ ਮੁਹੱਈਆ ਕਰਨ ਲਈ

ਢੁੱਕਵਾਂ ਫ਼ੰਡ ਅਤੇ ਸਮਰਥਨ ਹੋਣਾ ਚਾਹੀਦਾ ਹੈ ਤਾਂ ਜੋ ਉਹ ਸਰਕਾਰਾਂ ਦੇ ਨਿਰਧਾਰਤ ਟੀਚਿਆਂ ਨੂੰ ਪ੍ਰਾਪਤ ਕਰਨ ਦੇ ਯੋਗ ਹੋਣ। ਸਾਨੂੰ ਕਾਰਜਸ਼ੀਲ, ਸਿਹਤਮੰਦ ਭਾਈਚਾਰਿਆਂ ਦੇ ਨਿਰਮਾਣ 'ਤੇ ਕੇਂਦ੍ਰਿਤ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਭਾਈਚਾਰਿਆਂ ਨੂੰ ਸੇਵਾ ਪ੍ਰਦਾਨ ਕਰਨ ਦੀ ਇੱਕ ਕਿਰਿਆਸ਼ੀਲ ਪ੍ਰਣਾਲੀ ਦੀ ਲੋੜ ਹੈ।

ਇਸ ਅਗਲੀ National Plan (ਰਾਸ਼ਟਰੀ ਯੋਜਨਾ) ਨੂੰ ਪਰਿਵਾਰਕ ਹਿੰਸਾ, ਖ਼ਾਸ ਕਰਕੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਵਿੱਚ ਅਸਪਸ਼ਟ ਪ੍ਰਭਾਵਾਂ ਦੇ ਅਨੁਭਵ ਨੂੰ ਘਟਾਉਣ ਵਿੱਚ ਚਿਰ-ਸਥਾਈ ਸੁਧਾਰ ਪ੍ਰਾਪਤ ਕਰਨ ਲਈ ਸਥਾਨਕ ਲੋੜਾਂ ਨੂੰ ਪੂਰਾ ਕਰਨ ਲਈ ਡਿਲਿਵਰੀ ਨੂੰ ਸਮਰੱਥ ਬਣਾਉਣਾ ਚਾਹੀਦਾ ਹੈ। ਅਸੀਂ ਸਰਕਾਰਾਂ ਨੂੰ ਤੁਰੰਤ ਕਾਰਵਾਈ ਦੀ ਯੋਜਨਾ ਬਣਾਉਣ ਦੀ ਅਪੀਲ ਕਰਦੇ ਹਾਂ। ਸਰਕਾਰਾਂ ਨੂੰ ਥੋੜ੍ਹੇ, ਦਰਮਿਆਨੇ ਅਤੇ ਲੰਬੇ ਸਮੇਂ ਲਈ ਨੀਤੀ ਬਣਾਉਣ 'ਤੇ ਧਿਆਨ ਕੇਂਦਰਿਤ ਕਰਨ ਲਈ ਜਾਂ ਪ੍ਰੋਗਰਾਮਾਂ ਨੂੰ ਫ਼ੰਡ ਦੇਣ ਲਈ ਬੋਲਡ ਟੀਚੇ ਰੱਖਣੇ ਚਾਹੀਦੇ ਹਨ ਤਾਂ ਜੋ ਉਹ ਇਨ੍ਹਾਂ ਟੀਚਿਆਂ ਨੂੰ ਪੂਰਾ ਕਰਨ ਦੇ ਯੋਗ ਹੋ ਸਕਣ। ਇਹਨਾਂ ਨੂੰ ਮਜ਼ਬੂਤ ਜਵਾਬਦੇਹੀ ਅਤੇ ਪ੍ਰਗਤੀ ਦੀ ਜਾਂਚ ਕਰਨ ਦੇ ਸਾਧਨਾਂ ਨਾਲ ਮਾਪਿਆ ਜਾਣਾ ਚਾਹੀਦਾ ਹੈ।

## ਕਿਫ਼ਾਇਤੀ, ਪਹੁੰਚਯੋਗ ਲੰਬੀ-ਮਿਆਦ ਦੀ ਰਿਹਾਇਸ਼ ਅਤੇ ਸ਼ਮੂਲੀਅਤ ਵਾਲੀ, ਸੱਭਿਆਚਾਰਕ ਤੌਰ 'ਤੇ ਢੁੱਕਵੀਂ ਸੰਕਟ ਸਮੇਂ ਦੀ ਰਿਹਾਇਸ਼ ਪੀੜਤ-ਬਚਣ ਵਾਲਿਆਂ ਦੀ ਸੁਰੱਖਿਆ ਅਤੇ ਰਿਕਵਰੀ ਲਈ ਬੁਨਿਆਦੀ ਗੱਲ ਹੈ ਅਤੇ ਇਹ ਇੱਕ ਤਰਜੀਹ ਹੋਣੀ ਚਾਹੀਦੀ ਹੈ।

ਸੁਰੱਖਿਅਤ ਅਤੇ ਕਿਫ਼ਾਇਤੀ ਰਿਹਾਇਸ਼ ਤੱਕ ਪਹੁੰਚ ਅਗਲੀ ਰਾਸ਼ਟਰੀ ਯੋਜਨਾ (National Plan) ਦਾ ਮੁੱਖ ਹਿੱਸਾ ਹੋਣੀ ਚਾਹੀਦੀ ਹੈ। ਇਸ ਵਿੱਚ ਨਵੀਆਂ ਸਮਾਜਿਕ ਅਤੇ ਕਿਫ਼ਾਇਤੀ ਰਿਹਾਇਸ਼ਾਂ ਦੀ ਢੁੱਕਵੀਂ ਸਪਲਾਈ ਪ੍ਰਦਾਨ ਕਰਨ ਲਈ ਸਰਕਾਰ ਦੇ ਸਾਰੇ ਪੱਧਰਾਂ ਦੁਆਰਾ ਨਿਵੇਸ਼ ਕੀਤਾ ਜਾਣਾ ਸ਼ਾਮਲ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਿੰਸਾ ਤੋਂ ਬਚ ਨਿਕਲਣ ਵਾਲੇ ਪੀੜਤ-ਬਚਣ ਵਾਲੇ ਲੋਕ ਠੀਕ ਹੋ ਸਕਦੇ ਹਨ ਅਤੇ ਖੁਸ਼ਹਾਲ ਹੋ ਸਕਦੇ ਹਨ। ਐਮਰਜੈਂਸੀ ਰਿਹਾਇਸ਼, ਆਰਜ਼ੀ ਰਿਹਾਇਸ਼ ਅਤੇ ਲੰਬੇ ਸਮੇਂ ਦੀ ਰਿਹਾਇਸ਼ ਸਭ ਮਹੱਤਵਪੂਰਨ ਹਨ। ਦੋਵਾਂ ਪ੍ਰੋਗਰਾਮਾਂ ਵਿੱਚ ਲਾਜ਼ਮੀ ਨਿਵੇਸ਼ ਹੋਣਾ ਚਾਹੀਦਾ ਹੈ ਜੋ ਔਰਤਾਂ ਅਤੇ ਬੱਚਿਆਂ ਨੂੰ ਉਹਨਾਂ ਦੇ ਘਰ ਵਿੱਚ ਸੁਰੱਖਿਅਤ ਰਹਿਣ ਲਈ ਸਹਾਇਤਾ ਕਰਦੇ ਹਨ, ਪੁਰਸ਼ਾਂ 'ਤੇ ਕੇਂਦਰਿਤ ਉਹਨਾਂ ਪ੍ਰੋਗਰਾਮਾਂ ਦੇ ਨਾਲ ਜੋ ਹਿੰਸਾ ਦੀ ਵਰਤੋਂ ਕਰਦੇ ਹਨ, ਸਮੇਤ ਆਰਜ਼ੀ ਰਿਹਾਇਸ਼ ਦੇ ਜਿੱਥੇ ਅਜਿਹਾ ਕਰਨਾ ਸੁਰੱਖਿਅਤ ਹੈ। ਹਾਊਸਿੰਗ ਅਤੇ ਹੋਰ ਸਹਾਇਤਾ ਪ੍ਰਣਾਲੀਆਂ, ਜਿਵੇਂ ਕਿ NDIS ਵਿਚਕਾਰ ਬਿਹਤਰ ਏਕੀਕਰਨ ਹੋਣਾ ਚਾਹੀਦਾ ਹੈ।

ਰਿਹਾਇਸ਼ ਸੰਬੰਧੀ ਜਵਾਬੀ-ਪ੍ਰਤੀਕਰਮ ਨੂੰ ਵੀ ਲਾਜ਼ਮੀ ਤੌਰ 'ਤੇ ਅਪਾਹਜਤਾ ਵਾਲੀਆਂ ਔਰਤਾਂ, LGBTIQA+ ਲੋਕਾਂ ਅਤੇ ਹਿੰਸਕ ਸੰਬੰਧਾਂ ਨੂੰ ਛੱਡਣ ਲਈ ਮੱਦਦ ਦੀ ਮੰਗ ਕਰਨ ਵਾਲੀਆਂ ਪ੍ਰਵਾਸੀ ਅਤੇ ਸ਼ਰਨਾਰਥੀ ਔਰਤਾਂ ਦੁਆਰਾ ਸਾਹਮਣਾ ਕੀਤੀਆਂ ਗਈਆਂ ਵਿਸ਼ੇਸ਼ ਚੁਣੌਤੀਆਂ ਨੂੰ ਪਛਾਣਨਾ ਅਤੇ ਉਹਨਾਂ ਦਾ ਜਵਾਬ ਦੇਣਾ ਚਾਹੀਦਾ ਹੈ, ਜਿਨ੍ਹਾਂ ਲਈ ਮੌਜੂਦਾ ਰਿਹਾਇਸ਼ੀ ਵਿਕਲਪ ਸੁਰੱਖਿਅਤ, ਪਹੁੰਚਯੋਗ ਜਾਂ ਸੱਭਿਆਚਾਰਕ ਤੌਰ 'ਤੇ ਉਚਿਤ ਨਹੀਂ ਹੋ ਸਕਦੇ ਹਨ। ਇਸ ਨੂੰ ਇਹ ਵੀ ਪਛਾਣਨਾ ਚਾਹੀਦਾ ਹੈ ਕਿ ਬਜ਼ੁਰਗ ਔਰਤਾਂ ਬੇਘਰ ਹੋਣ ਦਾ ਅਨੁਭਵ ਕਰਨ ਵਾਲਾ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲਾ ਸਮੂਹ ਹੈ। ਸਾਨੂੰ ਦੂਰ-ਦੁਰਾਡੇ ਅਤੇ ਬਹੁਤ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿਚਲੀਆਂ ਖ਼ਾਸ ਲੋੜਾਂ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

## ਅਪਾਹਜਤਾ ਵਾਲੀਆਂ ਔਰਤਾਂ ਦੇ ਅਨੁਭਵ ਨੂੰ ਸੁਣਿਆ ਜਾਣਾ ਚਾਹੀਦਾ ਹੈ ਅਤੇ ਸਾਰੇ ਰੋਕਥਾਮ ਅਤੇ ਜਵਾਬੀ-ਪ੍ਰਤੀਕਰਮਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ

ਸਾਰੀਆਂ ਪਰਿਭਾਸ਼ਾਵਾਂ, ਕਾਨੂੰਨ, ਨੀਤੀਆਂ ਅਤੇ ਸੁਧਾਰਾਂ ਵਿੱਚ, ਮੁੱਢਲੀ ਰੋਕਥਾਮ ਤੋਂ ਲੈ ਕੇ ਪ੍ਰਤੀਕਿਰਿਆ ਕਰਨ ਅਤੇ ਰਿਕਵਰੀ ਤੱਕ, ਅਪਾਹਜ਼ਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਨੂੰ ਲਾਜ਼ਮੀ ਸ਼ਾਮਲ ਕਰਨਾ ਚਾਹੀਦਾ ਹੈ, ਜਿਸ ਵਿੱਚ ਹਿੰਸਾ ਦੀਆਂ ਉਹ ਵਿਲੱਖਣ ਕਿਸਮਾਂ ਅਤੇ ਸੈਟਿੰਗਾਂ ਸ਼ਾਮਲ ਹਨ ਜਿਨ੍ਹਾਂ ਵਿੱਚ ਇਸਦਾ ਅਨੁਭਵ ਕੀਤਾ ਜਾ ਸਕਦਾ ਹੈ। ਨੀਤੀਆਂ ਨੂੰ ਦਰਸਾਉਣਾ ਚਾਹੀਦਾ ਹੈ ਕਿ ਅਪਾਹਜਤਾ ਘਰੇਲੂ ਅਤੇ ਪਰਿਵਾਰਕ ਹਿੰਸਾ ਦੇ ਨਤੀਜੇ ਵਜੋਂ ਪ੍ਰਾਪਤ ਹੋਈ ਹੋ ਸਕਦੀ ਹੈ, ਖ਼ਾਸ ਕਰਕੇ ਦਿਮਾਗੀ ਸੱਟਾਂ। ਸਮਾਜਿਕ ਸੁਰੱਖਿਆ, ਬਾਲ ਸੁਰੱਖਿਆ, ਮਾਨਸਿਕ ਸਿਹਤ, NDIS, ਸਿੱਖਿਆ ਅਤੇ ਰਿਹਾਇਸ਼ ਸਮੇਤ ਸਾਰੀਆਂ ਪ੍ਰਣਾਲੀਆਂ ਅਪਾਹਜਤਾ ਵਾਲੀਆਂ ਔਰਤਾਂ ਅਤੇ ਲੜਕੀਆਂ ਲਈ ਪਹੁੰਚਯੋਗ ਹੋਣੀਆਂ ਚਾਹੀਦੀਆਂ ਹਨ। ਜਵਾਬੀ-ਪ੍ਰਤੀਕਰਮਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਤਕਨਾਲੋਜੀ ਅਪਾਹਜ ਔਰਤਾਂ ਲਈ ਰੁੱਝੇ ਰਹਿਣ, ਗੱਲਬਾਤ ਕਰਨ ਅਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ ਇੱਕ ਮਹੱਤਵਪੂਰਨ ਸਾਧਨ ਹੈ।

ਅਪਾਹਜਤਾ ਵਾਲੀਆਂ ਔਰਤਾਂ ਸਾਰੀ ਤਰ੍ਹਾਂ ਦੀਆਂ ਚਰਚਾਵਾਂ ਲਈ ਕੇਂਦਰੀ ਹੋਣੀਆਂ ਚਾਹੀਦੀਆਂ ਹਨ ਅਤੇ ਜਵਾਬੀ-ਪ੍ਰਤੀਕਰਮ ਨੂੰ ਪਿਛੋਕੜ ਅਤੇ ਤਜ਼ਰਬਿਆਂ ਦੀ ਇੱਕ ਸੀਮਾ ਵਿੱਚ ਔਰਤਾਂ ਦੁਆਰਾ ਅਨੁਭਵ ਕੀਤੇ ਗਏ ਵਿਤਕਰੇ ਦੇ ਦੂਜੇ ਰੂਪਾਂ ਨਾਲ ਕਾਟ (ਟੱਕਰ) ਨੂੰ ਪਛਾਣਨਾ ਚਾਹੀਦਾ ਹੈ। ਖ਼ਾਸ ਤੌਰ 'ਤੇ, ਇਹ ਯਕੀਨੀ ਬਣਾਉਣਾ ਕਿ NDIS ਕੋਲ ਅਪਾਹਜਤਾ ਵਾਲੀਆਂ ਉਨ੍ਹਾਂ

ਔਰਤਾਂ ਲਈ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨ ਲਈ ਕੋਈ ਵਿਧੀ ਹੈ ਜੋ ਘਰੇਲੂ ਹਿੰਸਾ ਅਤੇ ਜਿਨਸੀ ਹਮਲੇ ਦੇ ਅਧੀਨ ਹਨ, ਖ਼ਾਸ ਤੌਰ 'ਤੇ ਜਿੱਥੇ ਕੋਈ ਦੇਖਭਾਲਕਰਤਾ ਹੀ ਹਿੰਸਾ ਨੂੰ ਅੰਜਾਮ ਦੇ ਰਿਹਾ ਹੈ।

## ਸਾਨੂੰ ਪ੍ਰਵਾਸੀ ਅਤੇ ਸ਼ਰਨਾਰਥੀ ਔਰਤਾਂ ਦੇ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਦੇ ਅਨੁਭਵਾਂ ਨੂੰ ਪਛਾਣਨਾ ਅਤੇ ਜਵਾਬੀ-ਪ੍ਰਤੀਕਰਮ ਦੇਣਾ ਚਾਹੀਦਾ ਹੈ

ਪ੍ਰਣਾਲੀਗਤ ਰੁਕਾਵਟਾਂ ਅਤੇ ਅਨੁਭਵਾਂ ਦੀ ਵਿਭਿੰਨਤਾ ਜੋ ਆਸਟ੍ਰੇਲੀਆ ਵਿੱਚ ਪ੍ਰਵਾਸੀ ਅਤੇ ਸ਼ਰਨਾਰਥੀ ਔਰਤਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਦੇ ਹਨ, ਨੂੰ ਸਾਰੇ ਖੇਤਰਾਂ ਵਿੱਚ ਅਗਲੀ National Plan (ਰਾਸ਼ਟਰੀ ਯੋਜਨਾ) ਦੇ ਅੰਦਰ ਹੱਲ ਕੀਤਾ ਜਾਣਾ ਚਾਹੀਦਾ ਹੈ। ਸੇਵਾ ਅਤੇ ਨੀਤੀ ਦੇ ਜਵਾਬੀ-ਪ੍ਰਤੀਕਰਮਾਂ ਨੂੰ ਸ਼ੁਰੂਆਤ ਤੋਂ ਹੀ ਡਿਜ਼ਾਈਨ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਨਾ ਕਿ ਬਾਅਦ ਵਿੱਚ ਸੋਚਣ ਲਈ। ਵਿਆਪਕ ਸੇਵਾ ਜਵਾਬਾਂ ਲਈ ਵਿਸ਼ੇਸ਼ ਸੱਭਿਆਚਾਰਕ ਅਤੇ ਧਰਮ-ਵਿਸ਼ਵਾਸ-ਆਧਾਰਿਤ ਪਰਿਵਾਰਕ ਹਿੰਸਾ ਸੇਵਾਵਾਂ ਲਈ ਚਿਰ-ਸਥਾਈ ਫੰਡਿੰਗ ਅਤੇ ਆਮ-ਚੌਤਰਫ਼ਾ ਪਰਿਵਾਰਕ ਹਿੰਸਾ ਸੇਵਾਵਾਂ ਲਈ ਵਧੀ ਹੋਈ ਸਮਰੱਥਾ ਦੀ ਲੋੜ ਹੈ। ਸਾਨੂੰ ਲੰਬੀ-ਮਿਆਦ ਲਈ ਧਨ-ਰਾਸ਼ੀ ਮੁਹੱਈਆ ਕਰਵਾਉਣ ਦੇ ਨਾਲ, 'ਅਸਲ-ਕਾਰਵਾਈ ਵਿੱਚ ਕੀ ਕੰਮ ਕਰਦਾ ਹੈ' ਇਸ ਬਾਰੇ ਚੰਗੇ ਡਿਜ਼ਾਈਨ ਅਤੇ ਸਬੂਤਾਂ ਦਾ ਅਨੁਵਾਦ ਕਰਨ ਦੀ ਲੋੜ ਹੈ। ਸ਼ੁਰੂਆਤੀ ਦਖਲਅੰਦਾਜ਼ੀ, ਰੋਕਥਾਮ, ਜਵਾਬ ਅਤੇ ਰਿਕਵਰੀ ਲਈ ਭਾਈਵਾਲੀ ਭਾਈਚਾਰੇ-ਦੀ-ਅਗਵਾਈ ਵਾਲੀ ਹੋਣੀ ਚਾਹੀਦੀ ਹੈ। ਇਲਾਜ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਢੁੱਕਵੇਂ ਮਾਡਲਾਂ ਦੀ ਲੋੜ ਹੁੰਦੀ ਹੈ, ਅਤੇ ਮਰਦਾਂ ਲਈ ਪ੍ਰੋਗਰਾਮਾਂ ਵਿੱਚ ਸੱਭਿਆਚਾਰਕ ਅਤੇ ਭਾਸ਼ਾ ਨੂੰ ਧਿਆਨ ਵਿੱਚ ਰੱਖਣ ਦੇ ਨਾਲ-ਨਾਲ ਡਿਲੀਵਰੀ ਕਰਨ ਵਿੱਚ ਭਾਈਚਾਰਕ ਮੁਹਾਰਤ ਨੂੰ ਸ਼ਾਮਲ ਕਰਨ ਦੀ ਲੋੜ ਹੈ। ਬਹੁ-ਸੱਭਿਆਚਾਰਕ ਅਤੇ ਵਸੇਬਾ ਖਿੱਤੇ ਦੀਆਂ ਸੰਸਥਾਵਾਂ ਨੂੰ ਪਰਿਵਾਰਾਂ ਅਤੇ ਭਾਈਚਾਰਿਆਂ ਵਿੱਚ ਰੋਕਥਾਮ, ਸਿੱਖਿਆ ਅਤੇ ਸਹਾਇਤਾ ਲਈ ਲਾਜ਼ਮੀ ਧਨ-ਰਾਸ਼ੀ ਦਿੱਤੀ ਜਾਣੀ ਚਾਹੀਦੀ ਹੈ, ਅਤੇ ਉਹਨਾਂ ਦੇ ਜਵਾਬਾਂ ਨੂੰ ਬਿਹਤਰ ਬਣਾਉਣ ਲਈ ਮੁੱਖ ਧਾਰਾ ਦੀਆਂ ਸੇਵਾਵਾਂ ਦਾ ਲਾਜ਼ਮੀ ਸਮਰਥਨ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਪਹੁੰਚਯੋਗਤਾ ਵਿੱਚ ਸੁਧਾਰ ਕਰਨ ਲਈ ਦੁਭਾਸ਼ੀਆ ਸੇਵਾਵਾਂ ਤੱਕ ਪਹੁੰਚ ਕਰਨਾ, ਬਹੁ-ਭਾਸ਼ੀ ਅਤੇ ਬਹੁ-ਸੱਭਿਆਚਾਰਕ ਕਮਿਊਨਿਟੀ ਵਰਕਰਾਂ ਦੀ ਭੂਮਿਕਾ ਦੀ ਵਰਤੋਂ ਕਰਨਾ ਸ਼ਾਮਲ ਹੈ।

ਪ੍ਰਵਾਸੀ ਅਤੇ ਸ਼ਰਨਾਰਥੀ ਪਿਛੋਕੜ ਵਾਲੇ ਪੀੜਤ-ਬਚਣ ਵਾਲਿਆਂ ਲਈ ਜਵਾਬੀ-ਪ੍ਰਤੀਕਰਮ ਲਾਜ਼ਮੀ ਤੌਰ 'ਤੇ ਸੁਰੱਖਿਆ ਦੇ ਪੈਮਾਨੇ, ਮਨੁੱਖੀ ਅਧਿਕਾਰਾਂ ਦੇ ਢਾਂਚੇ ਅਤੇ ਸਰਵ-ਵਿਆਪਕ ਪਹੁੰਚ ਵਿੱਚੋਂ ਲੰਘੇ ਹੋਣੇ ਚਾਹੀਦੇ ਹਨ। ਪ੍ਰਵਾਸੀ ਅਤੇ ਸ਼ਰਨਾਰਥੀ ਭਾਈਚਾਰਿਆਂ ਵਿੱਚ ਧਰਮ-ਵਿਸ਼ਵਾਸ, ਭਾਸ਼ਾ ਅਤੇ ਸੱਭਿਆਚਾਰ ਦੀ ਭੂਮਿਕਾ ਨੂੰ ਤਾਕਤ ਦੇ ਆਧਾਰ 'ਤੇ ਹੱਲ ਲਈ ਮਾਡਲਾਂ ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਹਨਾਂ ਵਿੱਚੋਂ ਕੋਈ ਵੀ ਕਾਰਕ ਕਿਸੇ ਨੂੰ ਕੁਦਰਤੀ ਤੌਰ 'ਤੇ ਹਿੰਸਾ ਵੱਲ ਝੁਕਾਅ ਨਹੀਂ ਦਿੰਦਾ ਹੈ; ਸਗੋਂ ਹਿੰਸਾ ਦੀ ਜੜ੍ਹ ਸਮਾਜ ਦੇ ਸਾਰੇ ਵਰਗਾਂ ਵਿੱਚ ਲਿੰਗ ਅਸਮਾਨਤਾ ਹੈ। ਇਹ ਅਗਲੀ ਰਾਸ਼ਟਰੀ ਯੋਜਨਾ (National Plan) ਨੂੰ ਕੰਮ ਕਰਨ ਦੇ ਅਧਿਕਾਰਾਂ, ਆਮਦਨ ਸਹਾਇਤਾ, ਸਿਹਤ-ਸੰਭਾਲ ਅਤੇ ਰਿਹਾਇਸ਼ ਤੱਕ ਪਹੁੰਚ ਸਮੇਤ ਹਿੰਸਾ ਦਾ ਸਾਹਮਣਾ ਕਰ ਰਹੀਆਂ ਅਸਥਾਈ ਵੀਜ਼ਿਆਂ 'ਤੇ ਰਹਿ ਰਹੀਆਂ ਔਰਤਾਂ ਦੀ ਨਾਜ਼ੁਕ ਸਥਿਤੀ ਨੂੰ ਸੰਬੋਧਿਤ ਕਰਨਾ ਲਾਜ਼ਮੀ ਜ਼ਰੂਰੀ ਹੈ। ਪ੍ਰਵਾਸੀ ਅਤੇ ਸ਼ਰਨਾਰਥੀ ਔਰਤਾਂ ਦੇ ਤਜ਼ਰਬਿਆਂ ਦੇ ਨਾਲ-ਨਾਲ ਰੋਕਥਾਮ, ਸ਼ੁਰੂਆਤੀ ਦਖ਼ਲ, ਜਵਾਬੀ-ਪ੍ਰਤੀਕਿਰਿਆ ਅਤੇ ਰਿਕਵਰੀ ਵਿੱਚ ਸਭ ਤੋਂ ਵਧੀਆ ਅਭਿਆਸ ਵਿੱਚ ਕਮਿਊਨਿਟੀ-ਦੀ-ਅਗਵਾਈ ਅਤੇ ਅਮਲੀ-ਵਿਵਹਾਰ ਦੁਆਰਾ ਸੂਚਿਤ ਖੋਜ ਵਿੱਚ ਨਿਵੇਸ਼ ਹੋਣਾ ਚਾਹੀਦਾ ਹੈ।

## LGBTIQA+ ਭਾਈਚਾਰਿਆਂ ਨੂੰ ਰਾਸ਼ਟਰੀ ਯੋਜਨਾ (National Plan) ਵਿੱਚ ਲਾਜ਼ਮੀ ਸ਼ਾਮਲ ਕਰਨਾ ਚਾਹੀਦਾ ਹੈ

ਇਸ ਅਗਲੀ ਰਾਸ਼ਟਰੀ ਯੋਜਨਾ ਦੇ ਹਰ ਪਹਿਲੂ ਵਿੱਚ LGBTIQA+ ਲੋਕਾਂ ਨੂੰ ਸ਼ਾਮਲ ਕਰਨ ਦੀ ਲੋੜ ਹੈ। ਇਸ ਨੂੰ ਲੋਕਾਂ ਦੁਆਰਾ ਅਨੁਭਵ ਕੀਤੀ ਗਈ ਹਿੰਸਾ ਦੇ ਲਿੰਗ-ਅਧਾਰਿਤ ਪ੍ਰੇਰਕਾਂ ਨੂੰ, ਜਿਵੇਂ ਕਿ ਸਿਸਜੈਂਡਰਿਜ਼ਮ ਅਤੇ ਵਿਰੋਧ-ਲਿੰਗੀ ਆਦਰਸ਼ਵਾਦਤਾ, ਅਤੇ ਕੱਟੜ ਲਿੰਗ ਰੂੜੀਵਾਦ ਅਤੇ ਕਦਰਾਂ-ਕੀਮਤਾਂ ਨੂੰ, ਜੋ ਕਿ ਲਿੰਗ-ਅਧਾਰਿਤ ਹਿੰਸਾ ਦਾ ਅਨੁਭਵ ਕਰ ਰਹੇ ਸਾਰੇ ਲੋਕਾਂ 'ਤੇ ਪ੍ਰਭਾਵ ਪਾਉਂਦੇ ਹਨ, ਅਤੇ ਟ੍ਰਾਂਸ, ਲਿੰਗੀ ਤੌਰ 'ਤੇ ਵਿਭਿੰਨ ਅਤੇ ਗੈਰ-ਬਾਈਨਰੀ ਲੋਕਾਂ ਦੀ ਪਰਿਵਾਰਕ ਅਤੇ ਘਰੇਲੂ ਹਿੰਸਾ ਦੇ ਪੀੜਤ-ਬਚਣ ਵਾਲੇ ਲੋਕਾਂ ਦੇ ਤੌਰ 'ਤੇ ਲੋੜੋਂ ਜ਼ਿਆਦਾ ਨੁਮਾਇੰਦਗੀ ਨੂੰ ਪਛਾਣਨ ਦੀ ਲੋੜ ਹੈ। ਇਹ ਅਗਲੀ ਰਾਸ਼ਟਰੀ ਯੋਜਨਾ ਅਸਲ ਵਿੱਚ ਕਾਟ ਕਰਦੀ ਹੋਣੀ ਚਾਹੀਦੀ ਹੈ, ਅਤੇ ਉਨ੍ਹਾਂ LGBTIQA+ ਲੋਕਾਂ ਦੀਆਂ ਲੋੜਾਂ ਨੂੰ ਹੱਲ ਕਰਨਾ ਚਾਹੀਦਾ ਹੈ ਜੋ ਕਈ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਢਾਂਚਾਗਤ ਜ਼ੁਲਮ ਦਾ ਅਨੁਭਵ ਕਰਦੇ ਹਨ, ਜਿਵੇਂ ਕਿ LGBTIQA+ ਅਪਾਹਜਤਾ ਵਾਲੇ। ਸਾਨੂੰ LGBTIQA+ ਕਮਿਊਨਿਟੀ ਦੁਆਰਾ ਨਿਯੰਤਰਿਤ ਸੰਸਥਾਵਾਂ ਲਈ ਸੁਰੱਖਿਅਤ ਅਤੇ ਚਿਰ-ਟਿਕਾਊ ਫੰਡਿੰਗ ਦੀ ਲੋੜ ਹੈ। ਇਸ ਪਹੁੰਚ ਲਈ LGBTIQA+ ਲੋਕਾਂ ਨੂੰ ਮੁੱਖ-ਧਾਰਾ ਨੀਤੀ ਅਤੇ ਪ੍ਰੋਗਰਾਮ ਵਿਕਾਸ ਵਿੱਚ ਸ਼ਾਮਲ ਕਰਨ ਦੀ ਲੋੜ ਹੈ, ਨਾਲ ਹੀ ਟੀਚਾਗਤ ਪਹਿਲਕਦਮੀਆਂ ਰਾਹੀਂ।

ਮਾਹਰ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਖਿੱਤੇ ਅਤੇ LGBTIQA+ ਖਿੱਤਿਆਂ ਵਿਚਕਾਰ ਸਹਿਯੋਗ ਨੂੰ ਸਮਰੱਥ ਬਣਾਉਣ ਲਈ ਬਿਹਤਰ ਫੰਡਿੰਗ ਦੀ ਲੋੜ ਹੈ ਤਾਂ ਜੋ ਸਫ਼ਲ ਅਤੇ ਨਿਰੰਤਰ ਚੱਲ ਰਹੀ ਸਾਂਝੇਦਾਰੀ ਨੂੰ ਯਕੀਨੀ ਬਣਾਇਆ ਜਾ ਸਕੇ ਜੋ ਕਿ ਇੱਕ ਮਜ਼ਬੂਤ LGBTIQA+ ਸੇਵਾ ਖੇਤਰ ਅਤੇ ਸ਼ਮੂਲੀਅਤ ਅਤੇ ਜਵਾਬੀ-ਪ੍ਰਤੀਕਰਮ ਵਾਲਾ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਖੇਤਰ ਬਣਾਉਂਦੇ ਹਨ। ਸਾਰੀਆਂ ਅੰਤਰ-ਭਾਗੀ ਕਿਸੇ ਬਿੰਦੂ 'ਤੇ ਆਪੋ ਵਿੱਚ ਮਿਲਣ ਵਾਲਿਆਂ ਸੇਵਾ ਪ੍ਰਣਾਲੀਆਂ, ਜਿਵੇਂ ਕਿ ਰਿਹਾਇਸ਼ ਅਤੇ ਬੇਘਰਤਾ ਪ੍ਰਣਾਲੀਆਂ, ਘਰੇਲੂ ਅਤੇ ਪਰਿਵਾਰਕ ਹਿੰਸਾ ਮਾਹਰ ਸੇਵਾਵਾਂ, ਅਤੇ ਸਾਰੇ ਢੁੱਕਵੇਂ ਡੇਟਾ ਸੰਗ੍ਰਹਿ ਵਿੱਚ LGBTIQA+ ਲੋਕਾਂ ਨੂੰ ਸ਼ਾਮਲ ਕਰਨਾ ਆਦਿ ਵਿੱਚ ਨਿਵੇਸ਼ ਅਤੇ ਇਕ ਸਮਾਨ ਡਾਟਾ ਇਕੱਠਾ ਹੋਣਾ ਚਾਹੀਦਾ ਹੈ। ਸਾਨੂੰ ਇਹ ਜ਼ਰੂਰ ਮੰਨਣਾ ਚਾਹੀਦਾ ਹੈ ਕਿ LGBTIQA+ ਦੀ ਮਨੁੱਖੀ ਅਧਿਕਾਰਾਂ ਦੀ ਲਹਿਰ ਦੇ ਅੰਦਰ, ਦੁਵਲੰਗੀ+ ਔਰਤਾਂ (ਸਮਾਨ-ਲਿੰਗੀ ਅਤੇ ਵਿਰੋਧ-ਲਿੰਗੀ), ਲੈਸਬੀਅਨ ਔਰਤਾਂ (ਸਮਾਨ-ਲਿੰਗੀ ਅਤੇ ਵਿਰੋਧ-ਲਿੰਗੀ), ਟ੍ਰਾਂਸ ਔਰਤਾਂ, ਟ੍ਰਾਂਸ ਮਰਦ, ਬ੍ਰਦਰਬੁਆਏ ਅਤੇ ਸਿਸਟਰਗਰਲਜ਼, ਗੈਰ-ਬਾਈਨਰੀ ਲੋਕ, ਗੇ ਅਤੇ ਦੁਵਲੰਗੀ ਪੁਰਸ਼ (ਸਮਾਨ-ਲਿੰਗੀ ਅਤੇ ਵਿਰੋਧ-ਲਿੰਗੀ), ਇੰਟਰਸੈਕਸ ਲੋਕ ਅਤੇ ਅਲਿੰਗੀ ਲੋਕਾਂ ਸਮੇਤ ਵੱਖੋ-ਵੱਖਰੇ ਅਨੁਭਵਾਂ ਅਤੇ ਲੋੜਾਂ ਵਾਲੇ ਲੋਕ ਅਤੇ ਭਾਈਚਾਰੇ ਹਨ।

## ਬੱਚਿਆਂ ਅਤੇ ਨਾਬਾਲਗਾਂ ਨੂੰ ਅਗਲੀ ਰਾਸ਼ਟਰੀ ਯੋਜਨਾ ਵਿੱਚ ਲਾਜ਼ਮੀ ਨਜ਼ਰ ਆਉਣਾ ਚਾਹੀਦਾ ਹੈ ਅਤੇ ਆਪਣੇ-ਆਪ ਦੇ ਯਤਨਾਂ ਦੇ ਨਤੀਜੇ ਵਜੋਂ ਵਿਚਾਰਿਆ ਜਾਣਾ ਚਾਹੀਦਾ ਹੈ

ਜੇਕਰ ਅਸੀਂ ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਗੰਭੀਰ ਹਾਂ ਤਾਂ ਸਾਨੂੰ ਬਚਪਨ ਵਿੱਚ ਹਿੰਸਾ ਨੂੰ ਰੋਕਣ ਲਈ ਗੰਭੀਰ ਹੋਣ ਦੀ ਲੋੜ ਹੈ। ਗੰਭੀਰ ਜੀਵਨ-ਭਰ ਲਈ ਨਕਾਰਾਤਮਕ ਸਿੱਟਿਆਂ ਅਤੇ ਆਰਥਿਕ ਲਾਗਤਾਂ ਦੇ ਨਾਲ,ਬੱਚਿਆਂ ਅਤੇ ਨਾਬਾਲਗਾਂ ਨੂੰ ਆਪਣੇ-ਆਪ ਦੇ ਯਤਨਾਂ ਦੇ ਨਤੀਜੇ ਵਜੋਂ ਹਿੰਸਾ ਦੇ ਪੀੜਤ ਅਤੇ ਬਚ ਨਿਕਲੇ ਲੋਕਾਂ ਦੇ ਰੂਪ ਵਿੱਚ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ। ਇਸ ਰਾਸ਼ਟਰੀ ਯੋਜਨਾ ਵਿੱਚ ਬੱਚਿਆਂ ਨੂੰ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ। ਘਰੇਲੂ ਅਤੇ ਪਰਿਵਾਰਕ ਹਿੰਸਾ ਅਤੇ ਬਾਅਦ ਦੇ ਜੀਵਨ ਵਿੱਚ ਜਿਨਸੀ ਹਮਲੇ ਨੂੰ ਰੋਕਣ ਲਈ ਬੱਚਿਆਂ ਅਤੇ ਨਾਬਾਲਗਾਂ ਦੀ ਸੁਰੱਖਿਆ ਕਰਨਾ ਵੀ ਮਹੱਤਵਪੂਰਨ ਹੈ। ਅਗਲੀ ਰਾਸ਼ਟਰੀ ਯੋਜਨਾ ਵਿੱਚ ਬੱਚਿਆਂ ਲਈ ਰੋਕਥਾਮ,ਜਵਾਬੀ-ਪ੍ਰਤੀਕਿਰਿਆ ਅਤੇ ਰਿਕਵਰੀ (ਮੁੜ-ਉੱਭਰਨ) ਦੇ ਯਤਨਾਂ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ।

ਸਾਰੀਆਂ ਪ੍ਰਣਾਲੀਆਂ ਵਿੱਚ ਸੇਵਾਵਾਂ ਨੂੰ ਇਕੱਠੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨੂੰ ਇਕ ਦੂਜੇ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ ਹੈ। ਮਾਹਰ ਸੇਵਾਵਾਂ ਅਤੇ ਬਾਲ ਸੁਰੱਖਿਆ ਪ੍ਰਣਾਲੀਆਂ ਵਿਚਕਾਰ ਸਾਂਝੇਦਾਰੀ ਨੂੰ ਰਸਮੀ ਬਣਾਉਣਾ ਸਾਂਝੇ ਤੌਰ 'ਤੇ ਦਖ਼ਲ ਪ੍ਰਦਾਨ ਕਰਨ ਵਿੱਚ ਮੱਦਦ ਕਰੇਗਾ ਜੋ ਬੱਚਿਆਂ ਨੂੰ ਹੋਰ ਨੁਕਸਾਨ ਨਹੀਂ ਪਹੁੰਚਾਉਂਦੇ ਹਨ ਅਤੇ ਪਰਿਵਾਰਾਂ ਨੂੰ ਹਿੰਸਾ ਦੇ ਸਦਮੇ ਤੋਂ ਉਭਰਨ ਵਿੱਚ ਸਹਾਇਤਾ ਕਰਦੇ ਹਨ। ਜਦੋਂ ਕਿ ਬਾਲਗਾਂ ਨੂੰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਕਿ ਬੱਚੇ ਸੁਰੱਖਿਅਤ ਹਨ, ਬੱਚਿਆਂ ਦਾ ਉਹਨਾਂ ਦੇ ਆਪਣੇ ਅਨੁਭਵਾਂ ਦੀ ਪਛਾਣ ਕਰਨ ਲਈ ਔਜ਼ਾਰਾਂ ਅਤੇ ਭਾਸ਼ਾ ਨਾਲ ਵੀ ਸ਼ਕਤੀਕਰਨ ਕੀਤਾ ਜਾਣਾ ਚਾਹੀਦਾ ਹੈ, ਅਤੇ ਸੇਵਾਵਾਂ ਤੱਕ ਪਹੁੰਚ ਕਰਨ ਅਤੇ ਦੂਜਿਆਂ ਨਾਲ ਚਿੰਤਾਵਾਂ ਸਾਂਝੀਆਂ ਕਰਨ ਲਈ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਬੱਚਿਆਂ ਦੀਆਂ ਆਵਾਜ਼ਾਂ ਅਤੇ ਜੀਵਿਤ ਅਨੁਭਵ ਨੂੰ ਨੀਤੀ ਅਤੇ ਅਭਿਆਸ ਨੂੰ ਸੂਚਿਤ ਕਰਨਾ ਚਾਹੀਦਾ ਹੈ। ਸਾਨੂੰ ਇਸ ਸੰਦਰਭ ਵਿੱਚ ਸਮੁੱਚੇ ਪਰਿਵਾਰਾਂ ਦਾ ਸਮਰਥਨ ਕਰਨ ਲਈ ਘਰ ਵਿੱਚ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਦੀ ਵਰਤੋਂ ਕਰਨ ਵਾਲੇ ਬੱਚਿਆਂ ਅਤੇ ਨਾਬਾਲਗਾਂ ਲਈ ਇਸ ਮਾਰਗ ਨੂੰ ਵੀ ਜ਼ਰੂਰ ਬਦਲਣਾ ਚਾਹੀਦਾ ਹੈ। ਸਰੋਤਾਂ ਅਤੇ ਪ੍ਰੋਗਰਾਮਾਂ ਨੂੰ ਘਰੇਲੂ ਮਾਹੌਲ ਵਿੱਚ ਸੁਰੱਖਿਆ ਦਾ ਸਮਰਥਨ ਕਰਨਾ ਚਾਹੀਦਾ ਹੈ, ਅਤੇ ਜਵਾਬੀ-ਪ੍ਰਤੀਕਰਮਾਂ ਨੂੰ ਉਸ ਭੂਮਿਕਾ ਨੂੰ ਪਛਾਣਨਾ ਚਾਹੀਦਾ ਹੈ ਜੋ ਸਕੂਲ ਅਤੇ ਸ਼ੁਰੂਆਤੀ ਸਿਖਲਾਈ ਕੇਂਦਰ ਨਿਭਾ ਸਕਦੇ ਹਨ। ਸਾਨੂੰ ਘਰ-ਤੋਂ-ਬਾਹਰ ਦੇਖਭਾਲ ਪ੍ਰਣਾਲੀ ਵਿੱਚ ਬੱਚਿਆਂ ਦੀ ਸੁਰੱਖਿਆ, ਸਿਹਤ ਅਤੇ ਤੰਦਰੁਸਤੀ ਲਈ ਪੂਰੀ ਜ਼ਿੰਮੇਵਾਰੀ ਲੈਂਦੇ ਹੋਏ, ਬੱਚਿਆਂ ਨੂੰ ਮਾਪਿਆਂ ਕੋਲੋਂ ਹਟਾਉਣ ਦੀਆਂ ਦਰਾਂ ਨੂੰ ਘਟਾਉਣ ਦੇ ਉਦੇਸ਼ ਨਾਲ ਸ਼ੁਰੂਆਤੀ ਦਖ਼ਲ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਪਰਿਵਾਰਕ ਸਹਾਇਤਾ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੀਦੀਆਂ ਹਨ।

## ਖੇਤਰੀ, ਪੇਂਡੂ, ਦੂਰ-ਦੁਰਾਡੇ ਅਤੇ ਬਹੁਤ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿਣ ਵਾਲੇ ਲੋਕਾਂ ਕੋਲ ਢੁੱਕਵੀਆਂ ਅਤੇ ਗੁਣਵੱਤਾ ਭਰਪੂਰ ਸੇਵਾਵਾਂ ਤੱਕ ਪਹੁੰਚ ਹੋਣੀ ਚਾਹੀਦੀ ਹੈ

ਖੇਤਰੀ, ਪੇਂਡੂ, ਦੂਰ-ਦੁਰਾਡੇ ਅਤੇ ਬਹੁਤ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਲੋਕਾਂ ਨੂੰ ਪਿੱਛੇ ਨਹੀਂ ਛੱਡਿਆ ਜਾਣਾ ਚਾਹੀਦਾ ਹੈ, ਖ਼ਾਸ ਤੌਰ 'ਤੇ ਉਦੋਂ ਜਦੋਂ ਬੁਨਿਆਦੀ ਢਾਂਚੇ ਦੀ ਗੱਲ ਆਉਂਦੀ ਹੈ, ਜਿਵੇਂ ਕਿ ਰਿਹਾਇਸ਼, ਸਿਹਤ ਸੇਵਾਵਾਂ, ਤਕਨਾਲੋਜੀ ਅਤੇ ਆਵਾਜਾਈ। ਸਥਾਨਕ ਭਾਈਚਾਰਿਆਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਲਿੰਗ-ਆਧਾਰਿਤ ਹਿੰਸਾ ਨੂੰ ਰੋਕਣ ਅਤੇ ਉਹਨਾਂ ਦਾ ਜਵਾਬ ਦੇਣ ਲਈ ਸਥਾਨਕ, ਸਥਾਨ-ਆਧਾਰਿਤ ਹੱਲ ਵਿਕਸਿਤ ਕਰਨ ਲਈ ਅਧਿਕਾਰ-ਸ਼ਕਤੀ ਅਤੇ ਸਰੋਤ ਦਿੱਤੇ ਜਾਣੇ ਚਾਹੀਦੇ ਹਨ। ਇਹਨਾਂ ਖੇਤਰਾਂ ਵਿੱਚ, ਖ਼ਾਸ ਤੌਰ 'ਤੇ ਦੂਰ-ਦੁਰਾਡੇ ਦੇ ਭਾਈਚਾਰਿਆਂ ਵਿੱਚ ਭਰੋਸੇਯੋਗ, ਪਹੁੰਚਯੋਗ ਅਤੇ ਢੁੱਕਵੀਂਆਂ ਸਹਾਇਤਾ ਸੇਵਾਵਾਂ ਨੂੰ ਯਕੀਨੀ ਬਣਾਉਣ 'ਤੇ ਜ਼ਿਆਦਾ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਸੇਵਾਵਾਂ ਜਿਵੇਂ ਕਿ ਸਿਹਤ ਜਾਂ ਵੈਟਰਨਰੀ ਸੇਵਾਵਾਂ, ਅਤੇ ਮਾਹਰ ਘਰੇਲੂ ਹਿੰਸਾ ਸੇਵਾਵਾਂ, ਨੂੰ ਜੋੜਨ ਲਈ ਨਵੀਨਤਾਕਾਰੀ ਹੱਲਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ। ਸੇਵਾ ਪ੍ਰਬੰਧਾਂ ਨੂੰ ਇਹਨਾਂ ਭਾਈਚਾਰਿਆਂ ਵਿੱਚ ਸੇਵਾਵਾਂ ਪ੍ਰਦਾਨ ਕਰਨ ਦੀਆਂ ਵਧੀਆਂ ਹੋਈਆਂ ਲਾਗਤਾਂ ਨੂੰ

ਧਿਆਨ ਵਿੱਚ ਰੱਖਣਾ ਚਾਹੀਦਾ ਹੈ ਅਤੇ ਅੰਕੜੇ ਅਤੇ ਮੁਲਾਂਕਣ ਸਮੇਤ ਲੋੜਾਂ-ਅਧਾਰਿਤ ਫੰਡਿੰਗ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਇਹਨਾਂ ਸੇਵਾਵਾਂ ਨੂੰ ਭਾਈਚਾਰਿਆਂ ਦੇ ਨਾਲ ਮਿਲਕੇ ਬਣਾਇਆ (ਸਹਿ-ਡਿਜ਼ਾਈਨ ਕੀਤਾ) ਜਾਣਾ ਚਾਹੀਦਾ ਹੈ, ਅਤੇ ਨੀਤੀਆਂ ਅਤੇ ਪ੍ਰੋਜੈਕਟਾਂ ਨੂੰ ਇਹ ਯਕੀਨੀ ਬਣਾਉਣ ਲਈ ਕਿ ਉਹ ਪ੍ਰਭਾਵਸ਼ਾਲੀ ਅਤੇ ਸੁਰੱਖਿਅਤ ਹਨ, ਜੀਵਨ-ਅਨੁਭਵ ਦੀਆਂ ਆਵਾਜ਼ਾਂ ਨੂੰ ਪਛਾਣਨਾ ਚਾਹੀਦਾ ਹੈ।

ਜਵਾਬੀ-ਪ੍ਰਤੀਕਰਮਾਂ ਨੂੰ ਸਥਾਨਕ ਤੌਰ 'ਤੇ ਤਿਆਰ ਅਤੇ ਪ੍ਰਦਾਨ ਕੀਤਾ ਜਾਣਾ ਚਾਹੀਦਾ ਹੈ, ਅਤੇ ਇਹਨਾਂ ਭਾਈਚਾਰਿਆਂ ਵਿੱਚ ਲਿੰਗ-ਅਧਾਰਤ ਹਿੰਸਾ ਦੇ ਖ਼ਤਰੇ ਵਾਲੇ ਲੋਕਾਂ ਦੁਆਰਾ ਅਨੁਭਵ ਕੀਤੀਆਂ ਗਈਆਂ ਖ਼ਾਸ ਚੁਣੌਤੀਆਂ ਨੂੰ ਪਛਾਣਨਾ ਚਾਹੀਦਾ ਹੈ, ਜਿਵੇਂ ਕਿ ਪਸ਼ੂਆਂ ਜਾਂ ਪਾਲਤੂ ਜਾਨਵਰਾਂ ਬਾਰੇ ਮੱਦਦ, ਰਿਹਾਇਸ਼ ਤੱਕ ਪਹੁੰਚ, ਜਾਂ ਹਿੰਸਕ ਰਿਸ਼ਤੇ ਨੂੰ ਛੱਡਣ ਦੇ ਯੋਗ ਹੋਣ ਲਈ ਨਕਦ ਭੁਗਤਾਨਾਂ ਤੱਕ ਪਹੁੰਚ ਦੀ ਲੋੜ। ਇਹ ਯਕੀਨੀ ਬਣਾਉਣ ਲਈ ਕਿ ਔਰਤਾਂ ਨੂੰ ਢੁੱਕਵੀਂ ਸਹਾਇਤਾ ਮਿਲਦੀ ਹੈ, ਮੁੱਖ ਧਾਰਾ ਦੇ ਕਾਉਂਸਲਿੰਗ ਸੰਬੰਧੀ ਜਵਾਬੀ-ਪ੍ਰਤੀਕਰਮਾਂ ਨੂੰ ਸਥਾਨਕ ਚੁਣੌਤੀਆਂ ਦਾ ਜਵਾਬ ਦੇਣ ਦੇ ਯੋਗ ਹੋਣਾ ਚਾਹੀਦਾ ਹੈ। ਸਾਰੇ ਖੇਤਰਾਂ ਵਿੱਚ ਔਰਤਾਂ ਲਈ ਵਿਸ਼ੇਸ਼ ਜਿਨਸੀ ਸ਼ੋਸ਼ਣ ਸੇਵਾਵਾਂ ਉਪਲਬਧ ਹੋਣੀਆਂ ਚਾਹੀਦੀਆਂ ਹਨ। 'ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਤੋਂ ਪ੍ਰਭਾਵਿਤ ਹਰ ਵਿਅਕਤੀ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਵਿਸ਼ੇਸ਼ ਸਦਮੇ-ਸੂਚਿਤ ਸਹਾਇਤਾ ਤੱਕ ਪਹੁੰਚ ਕਰਨ ਦੇ ਯੋਗ ਹੈ' ਨੂੰ ਯਕੀਨੀ ਬਣਾਉਣ ਲਈ ਮੁੱਖ ਧਾਰਾ ਦੇ ਕਾਉਂਸਲਿੰਗ ਸੰਬੰਧੀ ਜਵਾਬੀ-ਪ੍ਰਤੀਕਰਮਾਂ ਨੂੰ ਸਥਾਨਕ ਚੁਣੌਤੀਆਂ ਦਾ ਜਵਾਬ ਦੇਣ ਦੇ ਯੋਗ ਹੋਣਾ ਚਾਹੀਦਾ ਹੈ। ਇਹ ਦੂਰ-ਦੁਰਾਡੇ ਅਤੇ ਬਹੁਤ ਹੀ ਦੂਰ-ਦੁਰਾਡੇ ਦੇ ਭਾਈਚਾਰਿਆਂ ਦੇ ਲੋਕਾਂ ਦੀਆਂ ਖ਼ਾਸ ਅਤੇ ਵਿਲੱਖਣ ਲੋੜਾਂ ਦੇ ਨਾਲ-ਨਾਲ ਹੀ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਅਤੇ ਵਿਭਿੰਨ ਪਿਛੋਕੜ ਵਾਲੇ ਹੋਰ ਭਾਈਚਾਰਿਆਂ (ਜਿਵੇਂ ਕਿ ਅਪਾਹਜਤਾ ਵਾਲੇ ਲੋਕ, LGBTIQA+ ਲੋਕ ਅਤੇ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਭਾਈਚਾਰੇ) ਦੀਆਂ ਲੋੜਾਂ ਬਾਰੇ ਵੀ ਲਾਜ਼ਮੀ ਤੌਰ 'ਤੇ ਸੋਚ-ਵਿਚਾਰ ਕਰੇ।

## ਬਚਣ ਵਾਲਿਆਂ ਨੂੰ ਮੁੜ-ਉਭਰਨ ਅਤੇ ਠੀਕ ਹੋਣ ਲਈ ਸਹਾਇਤਾ ਪ੍ਰਾਪਤ ਕਰਨ ਦਾ ਹੱਕ ਹੈ

ਲਿੰਗ-ਆਧਾਰਿਤ ਹਿੰਸਾ ਕਾਰਨ ਲੱਗਣ ਵਾਲੇ ਸਦਮੇ, ਮਹੱਤਵਪੂਰਣ ਸਰੀਰਕ, ਮਾਨਸਿਕ, ਮਨੋਵਿਗਿਆਨਕ ਅਤੇ ਆਰਥਿਕ ਬੁਰੇ-ਪ੍ਰਭਾਵਾਂ ਦੇ ਨਾਲ, ਬਚ ਨਿਕਲੇ ਲੋਕਾਂ ਦੇ ਜੀਵਨ ਦੀ ਗੁਣਵੱਤਾ ਨੂੰ ਕਮਜ਼ੋਰ ਕਰਦਾ ਹੈ, ਅਤੇ ਇਸਦੇ ਪੀੜ੍ਹੀ-ਦਰ-ਪੀੜ੍ਹੀ ਪ੍ਰਭਾਵ ਹੁੰਦੇ ਹਨ। ਬਹੁਤ ਸਾਰੇ ਬਚ ਕੇ ਨਿਕਲੇ ਲੋਕਾਂ ਨੂੰ ਇਲਾਜ ਲਈ ਸਹਾਇਤਾ ਪ੍ਰਾਪਤ ਕਰਨ ਦਾ ਮੌਕਾ ਨਹੀਂ ਮਿਲਿਆ ਹੈ, ਮਤਲਬ ਕਿ ਬਹੁਤ ਸਾਰੇ ਗੈਰ-ਜ਼ਰੂਰੀ ਤੌਰ 'ਤੇ ਲੰਬੇ ਸਮੇਂ ਤੱਕ ਸਦਮੇ ਦੇ ਬੁਰੇ-ਪ੍ਰਭਾਵਾਂ ਦੇ ਨਾਲ ਜਿਉਂਦੇ ਹਨ, ਉਹਨਾਂ ਦੁਆਰਾ ਅਨੁਭਵ ਕੀਤੇ ਗਏ ਨੁਕਸਾਨ ਨੂੰ ਹੋਰ ਵਧਾਉਂਦੇ ਹੋਏ। ਮਾਹਰ ਸੇਵਾਵਾਂ ਲਈ ਢੁੱਕਵੀਂ ਫੰਡਿੰਗ ਹੋਰ ਬਚ ਨਿਕਲਣ ਵਿਚ ਕਾਮਯਾਬ ਹੋਏ ਲੋਕਾਂ ਨੂੰ ਆਪਣੇ ਵਿਰੁੱਧ ਹੋਈ ਹਿੰਸਾ ਦਾ ਖੁਲਾਸਾ ਕਰਨ ਅਤੇ ਹਿੰਸਾ ਕਾਰਨ ਲੱਗੇ ਸਦਮੇ ਦੇ ਕਾਰਨਾਂ ਨੂੰ ਜਜ਼ਬ ਕਰਨ ਦਾ ਮੌਕਾ ਦੇਵੇਗੀ। ਇਹ ਮਹੱਤਵਪੂਰਨ ਹੈ ਕਿ ਜਿਨਸੀ ਹਮਲੇ ਦਾ ਜਵਾਬੀ-ਪ੍ਰਤੀਕਰਮ ਦੇਣ ਵਾਲੀ ਪ੍ਰਣਾਲੀ ਦੇ ਸਾਰੇ ਹਿੱਸੇ ਮੌਜੂਦਾ ਸੱਭਿਆਚਾਰਕ ਮੁੱਦਿਆਂ ਨੂੰ ਢੁੱਕਵੇਂ ਢੰਗ ਨਾਲ ਹੱਲ ਕਰਨ ਲਈ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰਨ ਜੋ ਜਿਨਸੀ ਹਮਲੇ ਦੁਆਰਾ ਪ੍ਰਭਾਵਿਤ ਲੋਕਾਂ ਦੀਆਂ ਲੋੜਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਵਿੱਚ ਰੁਕਾਵਟਾਂ ਵਜੋਂ ਕੰਮ ਕਰਦੇ ਹਨ।

ਸੰਕਟ ਲਈ ਜਵਾਬੀ-ਪ੍ਰਤੀਕਰਮ ਕਾਫ਼ੀ ਨਹੀਂ ਹਨ। ਔਰਤਾਂ ਅਤੇ ਬੱਚਿਆਂ, ਅਤੇ ਜਿਨਸੀ, ਪਰਿਵਾਰਕ ਅਤੇ ਘਰੇਲੂ ਹਿੰਸਾ ਤੋਂ ਬਚੇ ਹੋਰ ਲੋਕਾਂ ਨੂੰ ਸਦਮੇ ਤੋਂ ਉਭਰਨ ਲਈ ਉੱਚ-ਗੁਣਵੱਤਾ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ, ਇਹ ਮੰਨਦੇ ਹੋਏ ਕਿ ਇਸ ਵਿੱਚ ਕਾਫ਼ੀ ਸਮਾਂ ਲੱਗ ਸਕਦਾ ਹੈ। ਮਾਹਰ ਜਿਨਸੀ ਸ਼ੋਸ਼ਣ ਸੰਬੰਧੀ ਸੇਵਾਵਾਂ, ਵਿਸ਼ੇਸ਼ ਤੌਰ 'ਤੇ, ਠੀਕ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਨ ਵਿੱਚ ਬਹੁਤ ਮੁਹਾਰਤ ਰੱਖਦੀਆਂ ਹਨ, ਪਰ ਇਹ ਸੇਵਾਵਾਂ ਲੋੜੀਂਦੇ ਸਰੋਤਾਂ ਨਾਲ ਇਹਨਾਂ ਸੇਵਾਵਾਂ ਦੀ ਬੇਨਤੀ ਕਰਨ ਵਾਲੇ ਉਨ੍ਹਾਂ ਸਾਰੇ ਲੋਕਾਂ ਨੂੰ ਮੁਹੱਈਆ ਕਰਵਾਉਣ ਲਈ ਵੀ ਸਮਰੱਥ ਨਹੀਂ ਹਨ ਜੋ ਹਿੰਸਾਂ ਵਿੱਚੋ ਬਚ ਕੇ ਨਿਕਲਣ ਵਿੱਚ ਕਾਮਯਾਬ ਹੋਣ ਤੋਂ ਬਾਅਦ ਇਨ੍ਹਾਂ ਨੂੰ ਲੈਣ ਲਈ ਬੇਨਤੀ ਕਰਦੇ ਹਨ, ਉਹਨਾਂ ਨੂੰ 'ਤੇ ਛੱਡ ਹੀ ਦਵੋ ਜਿਨ੍ਹਾਂ ਨੂੰ ਇਸਦੀ ਲੋੜ ਹੁੰਦੀ ਹੈ। ਜਿਨਸੀ ਛੇੜ-ਛਾੜ ਅਤੇ ਜਿਨਸੀ ਗੁਲਾਮੀ ਕਰਨ ਸਮੇਤ ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਤੋਂ ਬਚ ਨਿਕਲਣ ਵਿਚ ਕਾਮਯਾਬ ਹੋਏ ਬਹੁਤ ਸਾਰੇ ਲੋਕਾਂ ਕੋਲ ਇਲਾਜ ਅਤੇ ਸਦਮੇ ਤੋਂ ਮੁੜ-ਉਭਰਨ ਨੂੰ ਉਤਸ਼ਾਹਿਤ ਕਰਨ ਵਾਲੀਆਂ ਸੇਵਾਵਾਂ ਤੱਕ ਕੋਈ ਪਹੁੰਚ ਨਹੀਂ ਹੈ। ਇਸ ਵਿੱਚ ਉਹ ਪ੍ਰੋਗਰਾਮਾਂ ਅਤੇ ਸਹਾਇਤਾ-ਸੇਵਾਵਾਂ ਤੱਕ ਪਹੁੰਚ ਕਰਨਾ ਸ਼ਾਮਲ ਹੈ ਜੋ ਉਹਨਾਂ ਦੇ ਜੀਵਨ ਨੂੰ ਮੁੜ-ਸਥਾਪਿਤ ਕਰਨ ਅਤੇ ਵਧਣ-ਫੁੱਲਣ ਲਈ ਭਾਈਚਾਰਾ ਬਣਾਉਣ ਵਿੱਚ ਮੱਦਦ ਕਰਦੇ ਹਨ। ਅਗਲੀ ਰਾਸ਼ਟਰੀ ਯੋਜਨਾ ਨੂੰ ਪੀੜ੍ਹੀ-ਦਰ-ਪੀੜ੍ਹੀ ਚਲਣ ਵਾਲੇ ਸਦਮੇ ਸਮੇਤ, ਸਦਮੇ ਦੇ ਚੱਕਰਾਂ ਨੂੰ ਸਮਾਪਤ ਕਰਨ ਦੀ ਸਹੂਲਤ ਪ੍ਰਦਾਨ ਕਰਨੀ ਚਾਹੀਦੀ ਹੈ। ਇਸ ਨਾਲ ਸਾਰੇ ਪੀੜਤ-ਬਚਣ ਵਾਲਿਆਂ, ਅਤੇ ਖ਼ਾਸ ਤੌਰ 'ਤੇ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਨੂੰ ਲਾਭ ਹੋਵੇਗਾ ਜਿਨ੍ਹਾਂ ਨੇ ਗੈਰ-ਅਨੁਪਾਤਕ ਉੱਚ ਪੱਧਰ ਦੀ ਹਿੰਸਾ ਦਾ ਅਨੁਭਵ ਕੀਤਾ ਹੈ। ਇਸ ਲਈ ਸਦਮੇ ਤੋਂ ਜਾਣੂ ਹੋਣ ਦੇ ਸੀਮਤ ਸੰਕਲਪਾਂ ਤੋਂ ਬਦਲ ਕੇ ਸਦਮੇ ਅਤੇ ਇਲਾਜ ਬਾਰੇ ਜਾਗਰੂਕ ਹੋਣ ਦੀ ਲੋੜ ਹੈ। ਅਗਲੀ ਰਾਸ਼ਟਰੀ ਯੋਜਨਾ ਨੂੰ ਰਾਸ਼ਟਰੀ ਪੀੜਤ ਸਲਾਹਕਾਰ ਸਮੂਹ ਦੁਆਰਾ ਜਾਣਕਾਰੀ ਦਿੱਤੀ ਜਾਣੀ ਚਾਹੀਦੀ ਹੈ।

## ਜਿਨਸੀ ਛੇੜ-ਛਾੜ ਸਮੇਤ ਜਿਨਸੀ ਹਿੰਸਾ 'ਤੇ ਮਹੱਤਵਪੂਰਨ ਧਿਆਨ ਦਿੱਤਾ ਜਾਣਾ ਚਾਹੀਦਾ ਹੈ

ਜਿਨਸੀ ਹਿੰਸਾ ਨੂੰ ਲਾਜ਼ਮੀ ਹੱਲ ਕੀਤਾ ਜਾਣਾ ਚਾਹੀਦਾ ਹੈ, ਦੋਵੇਂ ਤਰ੍ਹਾਂ ਲਿੰਗ-ਆਧਾਰਿਤ ਹਿੰਸਾ ਦੇ ਰੂਪ ਵਜੋਂ ਵੀ ਅਤੇ ਆਪਣੇ-ਆਪ ਵਿੱਚ ਇੱਕ ਵੱਖਰੇ ਅਪਰਾਧ ਦੇ ਰੂਪ ਵਿੱਚ ਵੀ, ਅਤੇ ਅਜਿਹੇ ਤਰੀਕੇ ਨਾਲ ਜੋ ਪੀੜਤ-ਬਚਣ ਵਾਲਿਆਂ ਨੂੰ ਜਵਾਬੀ-ਪ੍ਰਤੀਕਰਮਾਂ ਦੇ ਕੇਂਦਰ ਵਿੱਚ ਰੱਖਦਾ ਹੈ। ਸਾਨੂੰ ਜਿਨਸੀ ਹਿੰਸਾ ਦੀ ਇੱਕ ਸਪਸ਼ਟ, ਸਾਂਝੀ ਪਰਿਭਾਸ਼ਾ ਦੀ ਲੋੜ ਹੈ ਜੋ ਕਈ ਤਰ੍ਹਾਂ ਦੀ ਜਿਨਸੀ ਹਿੰਸਾ ਨੂੰ ਮਾਨਤਾ ਦਿੰਦੀ ਹੋਵੇ, ਅਤੇ ਇੱਕ ਸੰਪੂਰਨ ਜੀਵਨ ਕਾਲ ਪਹੁੰਚ ਨੂੰ ਸਾਰੇ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਲਾਗੂ ਕੀਤਾ ਜਾਣਾ ਚਾਹੀਦਾ ਹੈ। ਅਗਲੀ ਰਾਸ਼ਟਰੀ ਯੋਜਨਾ ਵਿੱਚ ਜਿਨਸੀ ਹਿੰਸਾ ਦੇ ਜਵਾਬੀ-ਪ੍ਰਤੀਕਰਮਾਂ ਵਿੱਚ ਮੁੱਢਲੀ ਰੋਕਥਾਮ, ਜਲਦੀ ਦਖ਼ਲ, ਸੰਕਟ, ਕਾਨੂੰਨੀ ਅਤੇ ਨਿਆਂ ਪ੍ਰਕਿਰਿਆਵਾਂ ਅਤੇ ਰਿਕਵਰੀ, ਇਲਾਜ ਅਤੇ ਮੁਆਵਜ਼ਾ ਸ਼ਾਮਲ ਹੋਣਾ ਚਾਹੀਦਾ ਹੈ। ਰਿਕਵਰੀ ਅਤੇ ਠੀਕ ਹੋਣ ਲਈ ਜਿੰਨਾ ਚਿਰ ਲੋੜ ਹੋਵੇ ਉਨ੍ਹੇਂ ਸਮੇਂ ਲਈ ਬਚ ਨਿਕਲਣ ਵਿਚ ਕਾਮਯਾਬ ਹੋਏ ਲੋਕਾਂ ਦੀ ਸਹਾਇਤਾ ਲਈ ਮਾਹਰ ਸੇਵਾਵਾਂ ਦੀ ਲੋੜ ਹੁੰਦੀ ਹੈ; ਇਹ ਵਰਤਮਾਨ ਵਿੱਚ ਸਰੋਤਾਂ ਦੁਆਰਾ ਸੀਮਤ ਹੈ। ਅਗਲੀ ਰਾਸ਼ਟਰੀ ਯੋਜਨਾ ਨੂੰ ਹਾਨੀਕਾਰਕ ਜਿਨਸੀ ਵਿਵਹਾਰਾਂ ਨੂੰ ਪਛਾਣਨਾ ਅਤੇ ਉਹਨਾਂ 'ਤੇ ਕੰਮ ਕਰਨਾ ਚਾਹੀਦਾ ਹੈ, ਖ਼ਾਸ ਤੌਰ 'ਤੇ ਰੋਕਣ ਲਈ ਇਹਨਾਂ ਦੀ ਵਰਤੋਂ ਕਰਨ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੀ ਸਹਾਇਤਾ ਕਰਨ ਲਈ। ਇਹਨਾਂ ਵਿੱਚ ਸਾਰੇ ਰਾਜਾਂ ਅਤੇ ਪ੍ਰਦੇਸ਼ਾਂ ਵਿੱਚ ਸਹਿਮਤੀ ਦੀ ਰਾਸ਼ਟਰੀ ਤੌਰ 'ਤੇ ਇਕਸਾਰ ਪਰਿਭਾਸ਼ਾ ਸਮੇਤ, ਵਧੇਰੇ ਕਾਨੂੰਨੀ ਇਕਸਾਰਤਾ ਸ਼ਾਮਲ ਹੋਣੀ ਚਾਹੀਦੀ ਹੈ। ਸਰਕਾਰਾਂ ਨੂੰ ਆਸਟ੍ਰੇਲੀਆ ਭਰ ਵਿੱਚ ਕਰਮਚਾਰੀਆਂ ਵਲੋਂ ਕੰਮ ਛੱਡਣ ਦੀ ਦਰ ਨੂੰ ਘਟਾਉਣ ਵਿੱਚ ਮੱਦਦ ਕਰਨ ਲਈ ਰਾਸ਼ਟਰੀ ਲੀਡਰਸ਼ਿਪ ਪ੍ਰਦਾਨ ਕਰਨੀ ਚਾਹੀਦੀ ਹੈ ਅਤੇ ਅਪਰਾਧਿਕ ਨਿਆਂ ਪ੍ਰਣਾਲੀ ਵਿੱਚੋਂ ਲੰਘ ਅੱਗੇ ਵਧਦੇ ਹੋਏ ਬਚ ਨਿਕਲਣ ਵਿੱਚ ਕਾਮਯਾਬ ਹੋਏ ਲੋਕਾਂ ਨੂੰ ਦੁਬਾਰਾ-ਸਦਮਾ ਲੱਗਣ ਨੂੰ ਘੱਟ ਕਰਨ ਲਈ ਉਪਾਅ ਲਾਗੂ ਕਰਨਾ ਚਾਹੀਦਾ ਹੈ, ਅਤੇ ਜਵਾਬੀ-ਪ੍ਰਤੀਕਰਮ ਦੇ ਵਿਕਲਪਕ ਮਾਡਲਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਅਪਰਾਧਿਕ ਨਿਆਂ ਪ੍ਰਣਾਲੀ ਪੀੜਿਤ-ਬਚਣ ਵਾਲਿਆਂ ਲਈ ਸੁਰੱਖਿਅਤ, ਪਹੁੰਚਯੋਗ ਅਤੇ ਸਦਮਾ ਲੱਗਣ ਬਾਰੇ ਜਾਣਕਾਰੀ ਰੱਖਦੀ ਹੋਣੀ ਚਾਹੀਦੀ ਹੈ।

ਜੀਵਨਭਰ ਦੇ ਸਾਰੇ ਰੂਪਾਂ ਵਿੱਚ ਜਿਨਸੀ ਹਿੰਸਾ ਨੂੰ ਹੱਲ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਬਾਲ ਜਿਨਸੀ ਸ਼ੋਸ਼ਣ, ਅਪਾਹਜ ਔਰਤਾਂ ਅਤੇ ਲੜਕੀਆਂ ਦੀ ਨਸਬੰਦੀ ਅਤੇ ਅੰਤਰਲਿੰਗੀ ਬੱਚਿਆਂ 'ਤੇ ਬੇਲੋੜੀਆਂ ਡਾਕਟਰੀ ਪ੍ਰਕਿਰਿਆਵਾਂ, ਘਰੇਲੂ ਅਤੇ ਪਰਿਵਾਰਕ ਹਿੰਸਾ ਦੇ ਸੰਦਰਭ ਵਿੱਚ ਜਿਨਸੀ ਹਿੰਸਾ ਅਤੇ ਸੰਸਥਾਗਤ ਸਥਾਨਾਂ ਵਿੱਚ ਸ਼ੋਸ਼ਣ ਸਮੇਤ, ਔਰਤਾਂ ਦੇ ਜਣਨ ਅੰਗਾਂ ਨੂੰ ਨੁਕਸਾਨ ਪਹੁੰਚਾਉਣਾ/ਕੱਟਣਾ, ਤਕਨਾਲੋਜੀ ਦੀ ਮੱਦਦ ਨਾਲ ਜਿਨਸੀ ਸ਼ੋਸ਼ਣ ਅਤੇ ਕੰਮ ਵਾਲੀ ਥਾਂ 'ਤੇ ਜਿਨਸੀ ਹਿੰਸਾ ਅਤੇ ਹਮਲਾ ਹੋਣਾ ਸ਼ਾਮਿਲ ਹਨ।

ਸਾਰੀਆਂ ਸਰਕਾਰਾਂ ਨੂੰ ਆਸਟ੍ਰੇਲੀਆਈ ਕਾਰਜ-ਸਥਾਨਾਂ 'ਤੇ ਜਿਨਸੀ ਛੇੜ-ਛਾੜ ਨੂੰ ਰੋਕਣ ਅਤੇ ਹੱਲ ਕਰਨ ਲਈ ਸੰਬੰਧਿਤ ਸਿਫ਼ਾਰਸ਼ਾਂ ਅਨੁਸਾਰ ਸੇਵਾਵਾਂ ਦੇਣਾ ਜਾਰੀ ਰੱਖਣਾ ਚਾਹੀਦਾ ਹੈ। ਕਾਮਨਵੈੱਲਥ ਸਰਕਾਰ ਨੂੰ Respect@Work (ਆਦਰ@ਕੰਮ 'ਤੇ) ਰਿਪੋਰਟ ਦੀਆਂ ਸਾਰੀਆਂ ਸਿਫ਼ਾਰਸ਼ਾਂ ਅਨੁਸਾਰ ਸੇਵਾਵਾਂ ਦੇਣ ਨੂੰ ਤਰਜੀਹ ਦੇਣਾ ਜਾਰੀ ਰੱਖਣਾ ਚਾਹੀਦਾ ਹੈ। ਇਸ ਵਿੱਚ ਲਿੰਗ ਭੇਦਭਾਵ, ਜਿਨਸੀ ਛੇੜ-ਛਾੜ, ਅਤੇ ਸ਼ੋਸ਼ਣ ਨੂੰ ਖਤਮ ਕਰਨ ਲਈ ਵਾਜਬ ਅਤੇ ਅਨੁਪਾਤਕ ਤੌਰ 'ਤੇ ਢੁੱਕਵੇਂ ਉਪਾਅ ਕਰਨ ਲਈ ਕੰਮ ਦੇ ਸਥਾਨਾਂ 'ਤੇ ਇੱਕ ਸਕਾਰਾਤਮਕ ਡਿਊਟੀ ਹੋਣਾ ਸ਼ਾਮਲ ਹੈ।

## ਸਾਨੂੰ ਮਰਦਾਂ ਨਾਲ ਕੰਮ ਕਰਨਾ ਚਾਹੀਦਾ ਹੈ, ਅਤੇ ਅਪਰਾਧੀਆਂ ਦੇ ਵਿਵਹਾਰ ਨੂੰ ਬਦਲਣ ਵਿੱਚ ਨਿਵੇਸ਼ ਕਰਨਾ ਚਾਹੀਦਾ ਹੈ

ਔਰਤਾਂ ਵਿਰੁੱਧ ਹਿੰਸਾ ਨੂੰ ਰੋਕਣ ਲਈ ਸਾਰੇ ਮਰਦਾਂ ਨੂੰ ਅਹਿਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਸਾਨੂੰ ਮਰਦਾਨਗੀ ਦੀਆਂ ਹਾਵੀ ਹੋਣ ਵਾਲੀਆ ਅਤੇ ਨੁਕਸਾਨਦੇਹ ਧਾਰਨਾਵਾਂ ਬਾਰੇ ਨਜ਼ਰ ਆਉਣ ਯੋਗ ਤਬਦੀਲੀ ਕਰਨ ਦੀ ਜ਼ਰੂਰਤ ਹੈ ਜੋ ਔਰਤਾਂ ਵਿਰੁੱਧ ਹਿੰਸਾ ਨੂੰ ਭੜਕਾਉਂਦੇ ਹਨ। ਇਹ ਪ੍ਰਣਾਲੀ-ਪ੍ਰਬੰਧ ਪੀੜਤ-ਬਚਣ ਵਾਲਿਆਂ 'ਤੇ ਬਹੁਤ ਜ਼ਿਆਦਾ ਬੋਝ ਪਾਉਂਦਾ ਹੈ ਅਤੇ ਇਸ ਬੋਝ ਨੂੰ ਹਿੰਸਾ ਦੀ ਵਰਤੋਂ ਕਰਨ ਵਾਲੇ ਵਿਅਕਤੀ 'ਤੇ ਪਾਉਣ ਲਈ ਦੁਬਾਰਾ ਸੋਚਿਆ ਜਾਣਾ ਚਾਹੀਦਾ ਹੈ। ਪੀੜਤ-ਦੀ-ਸੁਰੱਖਿਆ ਇਸ ਸਭ ਦੇ ਕੇਂਦਰ ਵਿੱਚ ਹੋਣੀ ਚਾਹੀਦੀ ਹੈ ਅਤੇ ਇਸ ਵਿੱਚ ਅਪਰਾਧੀਆਂ ਨੂੰ ਘਰ ਵਿੱਚੋਂ ਹਟਾਉਣਾ ਸ਼ਾਮਲ ਹੈ, ਜਿਸ ਲਈ ਢੁੱਕਵੇਂ ਰਿਹਾਇਸ਼ ਦੇ ਵਿਕਲਪਾਂ ਦੀ ਲੋੜ ਹੁੰਦੀ ਹੈ। ਇਹ ਹਰ ਥਾਂ ਹੋਣ ਦੀ ਲੋੜ ਹੈ, ਪੀੜਤ-ਬਚਣ ਵਾਲਿਆਂ ਨੂੰ ਘਰ ਵਿੱਚ ਰੱਖਣ ਤੋਂ ਲੈ ਕੇ ਜਿੱਥੇ ਸੁਰੱਖਿਅਤ, ਸਮਾਜ ਸੇਵਾ ਜਵਾਬੀ-ਪ੍ਰਤੀਕਿਰਿਆ, ਅਤੇ ਪੁਲਿਸ ਅਤੇ ਨਿਆਂ ਪ੍ਰਤੀਕਿਰਿਆਵਾਂ ਹੋਣ।

ਕਾਰਵਾਈ-ਆਧਾਰਿਤ ਖੋਜ ਵਿੱਚ ਵਧੇਰੇ ਨਿਵੇਸ਼ ਦੀ ਲੋੜ ਹੈ - ਸਾਨੂੰ ਪੀੜਤ-ਬਚਣ ਵਾਲਿਆਂ ਨੂੰ ਸੁਰੱਖਿਅਤ ਰੱਖਣ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਹਿੰਸਾ ਅਤੇ ਸ਼ੋਸ਼ਣ ਦੀ ਵਰਤੋਂ ਕਰਨ ਵਾਲੇ ਮਰਦਾਂ ਦੀ ਵਿਭਿੰਨਤਾ ਦਾ ਜਵਾਬ ਦੇਣ ਲਈ ਸਬੂਤ-ਆਧਾਰਿਤ ਦਖ਼ਲਅੰਦਾਜ਼ੀ ਦੀ ਇੱਕ ਲੜੀ ਲਾਜ਼ਮੀ ਤੌਰ 'ਤੇ ਵਿਕਸਿਤ ਕਰਨੀ ਚਾਹੀਦੀ ਹੈ। ਸਾਨੂੰ ਉਹਨਾਂ ਮਰਦਾਂ ਨਾਲ ਕੰਮ ਕਰਨ ਦੀ ਲੋੜ ਹੈ ਜੋ ਹਿੰਸਾ ਦੀ ਵਰਤੋਂ ਕਰਦੇ ਹਨ, ਜਾਂ ਉਸਦੀ ਵਰਤੋਂ ਕਰਨ ਦੇ ਜ਼ੋਖਮ 'ਤੇ ਹਨ, ਅਤੇ ਕਈ ਪ੍ਰਕਾਰ ਦੀਆਂ ਸੈਟਿੰਗਾਂ ਵਿੱਚ ਅਤੇ ਸੰਸਥਾਗਤ, ਭਾਈਚਾਰੇ ਅਤੇ ਵਿਅਕਤੀਗਤ ਪੱਧਰ 'ਤੇ ਹਨ। ਅਪਰਾਧੀ ਦਖ਼ਲਾਂ ਵਿੱਚ ਵਧੇਰੇ ਨਿਵੇਸ਼ ਹੋਣਾ ਚਾਹੀਦਾ ਹੈ, ਅਤੇ ਇਹਨਾਂ ਨੂੰ ਜੋਖਮ ਮੁਲਾਂਕਣ ਅਤੇ ਘਟਾਉਣ ਦੀ ਯੋਜਨਾ, ਸਬੂਤ ਅਤੇ ਜੀਵਿਤ ਮੁਹਾਰਤ ਦੁਆਰਾ ਸੂਚਿਤ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿੱਚ ਉਹਨਾਂ ਪੁਰਸ਼ਾਂ ਨੂੰ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਜੋ ਇਸ ਪ੍ਰਣਾਲੀ ਵਿੱਚੋਂ ਲੰਘੇ

ਹਨ। ਪ੍ਰੋਗਰਾਮਾਂ ਨੂੰ ਸਥਾਨਕ ਅਤੇ ਸੱਭਿਆਚਾਰਕ ਤੌਰ 'ਤੇ ਢੁਕਵੇਂ ਜਵਾਬੀ-ਪ੍ਰਤੀਕਰਮਾਂ ਅਨੁਸਾਰ ਢਾਲਣ ਅਤੇ ਕੇਂਦ੍ਰਤ ਕਰਨ ਦੀ ਲੋੜ ਹੈ, ਜੋ ਕਿ 'ਕੀ ਕੰਮ ਕਰਦਾ ਹੈ' ਇਸ ਬਾਰੇ ਸਬੂਤਾਂ ਦੁਆਰਾ ਆਧਾਰਿਤ, ਅਤੇ ਯੋਗ ਅਤੇ ਸਮਰੱਥ ਕਰਮਚਾਰੀਆਂ ਦੁਆਰਾ ਸੰਚਾਲਿਤ ਕੀਤੇ ਜਾਣ ਜੋ ਇਸ ਉੱਚ ਮਾਹਰ ਕੰਮ ਦੀਆਂ ਬਾਰੀਕੀਆਂ ਨੂੰ ਸਮਝਦੇ ਹਨ।

ਹਿੰਸਕ ਕਾਰਵਾਈਆਂ ਕਰਨ ਲਈ ਮਰਦਾਂ ਨੂੰ ਕੀ ਪ੍ਰੇਰਿਤ ਕਰਦਾ ਹੈ, ਇਸ ਬਾਰੇ ਡੇਟਾ ਤਿਆਰ ਕੀਤੇ ਜਾਣ ਦੀ ਜ਼ਰੂਰਤ ਹੈ ਅਤੇ ਇਸ ਲਈ ਸਾਰੇ ਰਾਜਾਂ ਅਤੇ ਪ੍ਰਦੇਸ਼ਾਂ ਦੀ ਸਰਗਰਮ ਭਾਗੀਦਾਰੀ ਦੀ ਲੋੜ ਹੋਵੇਗੀ। ਇਸ ਡੇਟਾ ਨੂੰ ਪੂਰੇ ਪ੍ਰਣਾਲੀ ਪ੍ਰਬੰਧ- ਮੁੱਢਲੀ ਰੋਕਥਾਮ, ਸ਼ੁਰੂਆਤੀ ਦਖ਼ਲ, ਜਵਾਬੀ-ਕਾਰਵਾਈ ਅਤੇ ਚਿਰ-ਟਿਕਾਊ ਵਿਹਾਰਕ ਤਬਦੀਲੀ ਅਤੇ ਰਿਕਵਰੀ, ਵਿਚਲੇ ਜਵਾਬੀ-ਪ੍ਰਤੀਕਰਮਾਂ ਨੂੰ ਲਾਜ਼ਮੀ ਸੂਚਿਤ ਕਰਨਾ ਚਾਹੀਦਾ ਹੈ। ਮਰਦਾਂ ਦੇ ਸਾਰੇ ਵਿਵਹਾਰ ਵਿੱਚ ਤਬਦੀਲੀ ਕਰਨ ਬਾਰੇ ਪ੍ਰੋਗਰਾਮਾਂ ਵਿੱਚ ਇੱਕ ਚੰਗੀ ਤਰ੍ਹਾਂ ਸਾਧਨ ਸੰਪੰਨ ਪੀੜਤ-ਬਚਣ ਵਾਲਾ ਸਹਾਇਤਾ ਪਹਿਲੂ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦਖ਼ਲ-ਅੰਦਾਜ਼ੀ ਅਣਚਾਹੇ ਜ਼ੋਖਮ ਤਾਂ ਪੈਦਾ ਨਹੀਂ ਕਰ ਰਹੀ ਹੈ। ਸਾਨੂੰ ਉਨ੍ਹਾਂ ਲੋਕਾਂ ਲਈ ਸਮਰੱਥਾ ਬਣਾਉਣ ਲਈ ਵਚਨਬੱਧ ਹੋਣਾ ਚਾਹੀਦਾ ਹੈ ਜੋ ਪੁਰਸ਼ਾਂ ਨਾਲ ਕੰਮ ਕਰਦੇ ਹਨ ਜੋ ਬੇਹਤਰੀਨ ਆਦਤਾਂ ਨੂੰ ਘੱਟ ਕੀਤੇ ਬਿਨਾਂ, ਮਜ਼ਬੂਤ ਰਾਸ਼ਟਰੀ ਮਾਪਦੰਡਾਂ ਨੂੰ ਪੂਰਾ ਕਰਦੇ ਹਨ। ਸਾਨੂੰ ਕਾਰਜ-ਸਥਾਨਾਂ ਨੂੰ ਆਪਣੇ ਕਰਮਚਾਰੀਆਂ ਦੇ ਅਨੁਭਵਾਂ ਨੂੰ ਮੁਹਾਰਤ ਨਾਲ ਹੱਲ ਕਰਨ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।

## ਸਾਨੂੰ ਔਰਤਾਂ ਅਤੇ ਬੱਚਿਆਂ ਦੀ ਸਹਾਇਤਾ ਲਈ ਲੋੜੀਂਦੇ ਸੇਵਾ ਪ੍ਰਣਾਲੀ ਵਿਚਲੇ ਜਵਾਬੀ-ਪ੍ਰਤੀਕਰਮਾਂ ਵਿੱਚ ਸੁਧਾਰ ਕਰਨਾ ਅਤੇ ਨੂੰ ਉਚਿਤ ਢੰਗ ਨਾਲ ਸਰੋਤ ਸੰਪੰਨ ਬਣਾਉਣਾ ਚਾਹੀਦਾ ਹੈ

ਸਿਹਤ, ਵਿੱਤੀ ਸੁਰੱਖਿਆ ਅਤੇ ਰਿਹਾਇਸ਼ ਚੰਗੇ ਸਿਹਤ ਨਤੀਜਿਆਂ ਨੂੰ ਯਕੀਨੀ ਬਣਾਉਣ ਲਈ ਮਹੱਤਵਪੂਰਨ ਹਨ - ਔਰਤਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਹਿੰਸਕ ਰਿਸ਼ਤਿਆਂ ਨੂੰ ਛੱਡ ਸਕਣ ਅਤੇ ਉਹਨਾਂ ਦੀ ਰਿਕਵਰੀ ਕਰਨ ਵਿੱਚ ਸਹਾਇਤਾ ਕਰ ਸਕਣ। ਸਾਨੂੰ ਮਾਹਰ ਪਰਿਵਾਰਕ, ਘਰੇਲੂ ਅਤੇ ਜਿਨਸੀ ਹਿੰਸਾ ਸੇਵਾਵਾਂ ਦਾ ਸਮਰਥਨ ਕਰਨ ਅਤੇ ਹੱਲਾਂ ਦੀ ਪਛਾਣ ਕਰਨ ਅਤੇ ਜਵਾਬ ਦੇਣ ਲਈ ਮੁੱਖ ਧਾਰਾ ਦੀਆਂ ਸੇਵਾਵਾਂ ਨੂੰ ਬਿਹਤਰ ਢੰਗ ਨਾਲ ਲੈਸ (ਸਾਧਨ-ਸੰਪੰਨ) ਕਰਨ ਦੀ ਲੋੜ ਹੈ। ਸਿਹਤ ਸੇਵਾਵਾਂ ਕਿਫਾਇਤੀ, ਸੱਭਿਆਚਾਰਕ ਤੌਰ 'ਤੇ ਢੁੱਕਵੀਆਂ ਅਤੇ ਪਹੁੰਚ ਵਿੱਚ ਹੋਣੀਆਂ ਚਾਹੀਦੀਆਂ ਹਨ, ਤਾਂ ਜੋ ਸਾਰੀਆਂ ਔਰਤਾਂ ਅਤੇ ਬੱਚੇ ਸੰਪੂਰਨ, ਏਕੀਕ੍ਰਿਤ, ਸਮੇਟ ਲੈਣ ਵਾਲੀਆਂ, ਬਹੁ-ਖੇਤਰੀ ਸੇਵਾਵਾਂ ਤੱਕ ਪਹੁੰਚ ਕਰਨ ਦੇ ਯੋਗ ਹੋਣ। ਇਹ ਸੇਵਾਵਾਂ ਸਥਾਨ, ਸਮਾਜਿਕ-ਆਰਥਿਕ ਸਥਿਤੀ, ਪਿਛੋਕੜ ਜਾਂ ਪਛਾਣ ਦੀ ਪਰਵਾਹ ਕੀਤੇ ਬਿਨਾਂ ਸਾਰਿਆਂ ਲਈ ਉਪਲਬਧ ਅਤੇ ਪਹੁੰਚਯੋਗ ਹੋਣੀਆਂ ਚਾਹੀਦੀਆਂ ਹਨ। ਰੈਫ਼ਰ ਕੀਤੇ ਜਾਣ ਦੇ ਮਾਰਗਾਂ ਨੂੰ ਬਿਹਤਰ ਬਣਾਉਣ ਲਈ ਲਾਜ਼ਮੀ ਤੌਰ 'ਤੇ ਵਧੇਰੇ ਨਿਵੇਸ਼ ਅਤੇ ਸਹਾਇਤਾ ਹੋਣੀ ਚਾਹੀਦੀ ਹੈ, ਖ਼ਾਸ ਕਰਕੇ ਜੀਪੀ, ਮਾਹਰ ਸੇਵਾਵਾਂ ਅਤੇ ਵਿੱਤੀ ਸਲਾਹ ਪ੍ਰਣਾਲੀਆਂ ਵਿਚਕਾਰ। ਸਿਹਤ ਪ੍ਰਣਾਲੀਆਂ ਨੂੰ ਹਿੰਸਾ ਦਾ ਸਾਹਮਣਾ ਕਰ ਰਹੇ ਜਾਂ ਖ਼ਤਰੇ ਵਿੱਚ ਖੜ੍ਹੇ ਔਰਤਾਂ ਅਤੇ ਬੱਚਿਆਂ ਦੀ ਬਿਹਤਰ ਸਹਾਇਤਾ ਕਰਨ ਦੀ ਲੋੜ ਹੈ। ਸਮੁੱਚੇ ਭਾਈਚਾਰੇ ਵਲੋਂ, ਅੰਤਰ-ਖਿੱਤੇ ਦੇ, ਸਮੇਟਣ ਵਾਲੇ ਜਵਾਬੀ-ਪ੍ਰਤੀਕਰਮਾਂ ਦੀ ਲੋੜ ਹੈ। ਫੰਡਿੰਗ ਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਪ੍ਰੋਗਰਾਮਾਂ ਦਾ ਸਥਾਨਕੀਕਰਨ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਪ੍ਰੋਗਰਾਮਾਂ ਅਤੇ ਮਾਡਲਾਂ ਨੂੰ ਵਿਕਸਤ ਕੀਤਾ ਜਾ ਸਕੇ ਅਤੇ ਹਰੇਕ ਖੇਤਰ ਦੀਆਂ ਪ੍ਰਣਾਲੀਆਂ ਵਿੱਚ ਸ਼ਾਮਲ ਕੀਤਾ ਜਾ ਸਕੇ।

ਵਧੇਰੇ ਅਤੇ ਨਿਰੰਤਰ ਨਿਵੇਸ਼ ਦੀ ਲੋੜ ਹੈ, ਸਮੇਤ ਉਨ੍ਹਾਂ ਸੇਵਾਵਾਂ ਦੇ ਜੋ ਸੱਭਿਆਚਾਰਕ ਤੌਰ 'ਤੇ ਢੁੱਕਵੀਂ ਅਤੇ ਟੀਚਾ ਸਹਾਇਤਾ ਪ੍ਰਦਾਨ ਕਰਦੀਆਂ ਹਨ ਅਤੇ ਕਰਮਚਾਰੀਆਂ ਦੇ ਵਿਕਾਸ ਵਿੱਚ। ਪੂਰੇ ਆਸਟ੍ਰੇਲੀਆ ਵਿਚ ਲਿੰਗ-ਆਧਾਰਿਤ ਹਿੰਸਾ ਦੀਆਂ ਇਕਸਾਰ ਪਰਿਭਾਸ਼ਾਵਾਂ ਸੁਧਰੇ ਹੋਏ ਜਵਾਬੀ-ਪ੍ਰਤੀਕਰਮਾਂ, ਦਖ਼ਲ-ਅੰਦਾਜ਼ੀ ਅਤੇ ਜ਼ੋਖਮ ਮੁਲਾਂਕਣ ਦਾ ਸਮਰਥਨ ਕਰਨਗੀਆਂ। National Partnership Agreement (ਰਾਸ਼ਟਰੀ ਭਾਈਵਾਲੀ ਸਮਝੌਤੇ) ਨੂੰ ਅਗਲੀ ਰਾਸ਼ਟਰੀ ਯੋਜਨਾ ਦੇ ਜੀਵਨ ਲਈ ਸ਼ਕਤੀਸ਼ਾਲੀ ਅਤੇ ਤਾਲਮੇਲ ਵਾਲੀ ਭਾਈਵਾਲੀ ਪ੍ਰਦਾਨ ਕਰਨੀ ਚਾਹੀਦੀ ਹੈ, ਪਰ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਸਪਸ਼ਟ ਟੀਚਿਆਂ ਅਤੇ ਉਪਾਵਾਂ ਦੀ ਲੋੜ ਹੈ, ਨਾਲ ਹੀ ਸੇਵਾਵਾਂ ਨੂੰ ਚਲਾਉਣ ਵਿੱਚ ਮੱਦਦ ਕਰਨ ਲਈ ਪਾਰਦਰਸ਼ਤਾ ਦੀ ਲੋੜ ਹੈ। ਇੱਥੇ ਇਹ ਯਕੀਨੀ ਬਣਾਉਣ ਦੀ ਵੀ ਜ਼ਰੂਰਤ ਹੈ ਕਿ ਸੇਵਾਵਾਂ ਵਿਅਕਤੀਗਤ ਅਤੇ ਪ੍ਰਣਾਲੀਗਤ ਤੌਰ 'ਤੇ ਦੋਵਾਂ ਲਈ ਵਕਾਲਤ ਕਰਨ ਦੀ ਯੋਗਤਾ ਨੂੰ ਬਣਾਈ ਰੱਖਦੀਆਂ ਹਨ, ਅਤੇ ਅਜਿਹਾ ਕਰਨ ਲਈ ਫੰਡਿੰਗ ਮਾਡਲਾਂ ਦੁਆਰਾ ਸਮਰਥਤ ਹਨ। ਬਚ ਨਿਕਲੇ ਲੋਕਾਂ ਨੂੰ ਵਕਾਲਤ ਲਈ ਆਪਣੀਆਂ ਕਹਾਣੀਆਂ ਦੱਸਣ ਦੇ ਅਧਿਕਾਰ ਨੂੰ ਵੀ ਕਾਇਮ ਰੱਖਣਾ ਚਾਹੀਦਾ ਹੈ।

## ਸਾਨੂੰ ਜ਼ਬਰਦਸਤੀ ਨਿਯੰਤਰਣ ਸਮੇਤ ਹਿੰਸਾ ਦੇ ਸਾਰੇ ਰੂਪਾਂ ਲਈ ਆਪਣੇ ਕਾਨੂੰਨੀ ਜਵਾਬੀ-ਪ੍ਰਤੀਕਰਮਾਂ ਵਿੱਚ ਸੁਧਾਰ ਕਰਨਾ ਚਾਹੀਦਾ ਹੈ

ਘਰੇਲੂ, ਪਰਿਵਾਰਕ ਅਤੇ ਜਿਨਸੀ ਹਿੰਸਾ ਦੀਆਂ ਸਪਸ਼ਟ ਅਤੇ ਇਕਸਾਰ ਪਰਿਭਾਸ਼ਾਵਾਂ ਹੋਣੀਆਂ ਚਾਹੀਦੀਆਂ ਹਨ। ਜ਼ਬਰਦਸਤੀ ਨਿਯੰਤਰਣ ਕਰਨ ਬਾਰੇ ਸਾਂਝੀ ਭਾਸ਼ਾ ਅਤੇ ਸਮਝ ਹੋਣ ਨੂੰ ਯਕੀਨੀ ਬਣਾਉਣ ਲਈ ਸਾਨੂੰ ਲਾਜ਼ਮੀ ਤੌਰ 'ਤੇ

ਰਾਸ਼ਟਰੀ ਪੱਧਰ 'ਤੇ ਗੱਲਬਾਤ ਕਰਨੀ ਚਾਹੀਦੀ ਹੈ। ਹਿੰਸਾ ਦੀ ਕੋਈ ਵੀ ਪਰਿਭਾਸ਼ਾ, ਜਿਸ ਵਿੱਚ ਜ਼ਬਰਦਸਤੀ ਨਿਯੰਤਰਣ ਦਾ ਹਵਾਲਾ ਵੀ ਸ਼ਾਮਲ ਹੈ, ਨੂੰ ਧਿਆਨ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਪਰਿਭਾਸ਼ਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਹ ਸਭ ਤੋਂ ਵੱਧ ਵਿਸਤ੍ਰਿਤ ਪਰਿਭਾਸ਼ਾ ਹੋਣੀ ਚਾਹੀਦੀ ਹੈ। ਰਾਸ਼ਟਰੀ ਸਿਧਾਂਤਾਂ ਨੂੰ ਜ਼ਬਰਦਸਤੀ ਨਿਯੰਤਰਣ ਦੀ ਪੂਰੀ ਪ੍ਰਣਾਲੀ ਨੂੰ ਸਮਝਣ 'ਤੇ ਧਿਆਨ ਦੇਣਾ ਚਾਹੀਦਾ ਹੈ। ਸਿੱਖਿਆ, ਸੱਭਿਆਚਾਰ ਤਬਦੀਲੀ, ਜਾਗਰੂਕਤਾ ਪੈਦਾ ਕਰਨਾ, ਖ਼ਾਸ ਕਰਕੇ ਪੁਲਿਸ, ਵਕੀਲਾਂ ਅਤੇ ਨਿਆਂਪਾਲਿਕਾ ਲਈ ਇੱਕ ਕੁੰਜੀ ਹੈ। ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਗੱਲਬਾਤ ਦੇ ਨਾਲ-ਨਾਲ ਸਾਰਥਕ ਸਲਾਹ-ਮਸ਼ਵਰਾ ਵੀ ਹੋਣਾ ਚਾਹੀਦਾ ਹੈ ਜੋ ਕਿ ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰਿਆਂ ਅਤੇ ਹੋਰਾਂ, ਜੋ ਨਿਆਂ ਪ੍ਰਣਾਲੀ ਦੁਆਰਾ ਅਨੁਪਾਤਕ ਤੌਰ 'ਤੇ ਪ੍ਰਭਾਵਿਤ ਹੋਏ ਹਨ, ਲਈ ਅਣਚਾਹੇ ਸਿੱਟਿਆਂ ਨੂੰ ਧਿਆਨ ਵਿੱਚ ਰੱਖੇ। ਇਹ ਇੱਕ ਪੂਰਨ-ਪ੍ਰਣਾਲੀ ਦਾ ਮੁੱਦਾ ਹੈ -ਨਾ ਕਿ ਸਿਰਫ਼ ਕਾਨੂੰਨੀ ਪ੍ਰਣਾਲੀ ਦਾ ਮੁੱਦਾ ਹੈ, ਜਿਸ ਵਿੱਚ ਸਾਰੀਆਂ ਪ੍ਰਣਾਲੀਆਂ ਵਿੱਚ ਸੁਧਾਰ ਦੀ ਲੋੜ ਹੈ, ਅਪਰਾਧੀਆਂ ਨੂੰ ਜਵਾਬਦੇਹ ਰੱਖਣ ਅਤੇ ਪੀੜਤ-ਬਚ ਗਏ ਲੋਕਾਂ ਦੀ ਸਹਾਇਤਾ ਕਰਨ ਲਈ, ਜਿਵੇਂ ਕਿ ਕਾਨੂੰਨੀ ਸਲਾਹ ਤੱਕ ਬਿਹਤਰ ਪਹੁੰਚ ਦੁਆਰਾ। ਜ਼ਬਰਦਸਤੀ ਕਾਬੂ ਹੇਠ ਰੱਖੇ ਜਾਣ ਨੂੰ ਸਮਝਣ ਅਤੇ ਉਹਨਾਂ ਦੇ ਕਰਮਚਾਰੀ-ਦਲ ਅਤੇ ਸੇਵਾ ਉਪਭੋਗਤਾਵਾਂ, ਜੋ ਇਸਦਾ ਅਨੁਭਵ ਕਰਦੇ ਹਨ, ਦਾ ਸਮਰਥਨ ਕਰਨ ਵਿੱਚ ਕਾਰੋਬਾਰਾਂ ਦੀ ਭੂਮਿਕਾ ਹੁੰਦੀ ਹੈ ।

ਕਾਨੂੰਨੀ ਜਵਾਬੀ-ਕਾਰਵਾਈ ਨੂੰ ਸੁਧਾਰਨ ਦਾ ਮਤਲਬ ਹੈ ਕਿ ਪਰਿਵਾਰਕ ਕਾਨੂੰਨ ਪ੍ਰਣਾਲੀ ਸਮੇਤ ਕਾਨੂੰਨੀ ਪ੍ਰਣਾਲੀ ਸੁਰੱਖਿਅਤ, ਪਹੁੰਚਯੋਗ ਅਤੇ ਸਭ ਨੂੰ ਸ਼ਾਮਿਲ ਕਰਨ ਵਾਲੀ ਹੈ। ਅਲਹਿਦਗੀ ਦੇ ਸਮੇਂ ਪਰਿਵਾਰਕ ਹਿੰਸਾ ਦਾ ਖ਼ਤਰਾ ਸਭ ਤੋਂ ਵੱਧ ਹੁੰਦਾ ਹੈ ਅਤੇ ਪਰਿਵਾਰਕ ਹਿੰਸਾ ਦੇ ਪੀੜਤਾਂ ਲਈ 'ਅਲਹਿਦਗੀ' ਰਿਸ਼ਤਾ ਟੁੱਟਣ ਦੇ ਸਮੇਂ ਤੋਂ ਲੈ ਕੇ ਉਦੋਂ ਤੱਕ ਜਾਰੀ ਰਹਿੰਦਾ ਹੈ ਜਦੋਂ ਤੱਕ ਪਾਲਣ-ਪੋਸ਼ਣ ਦੇ ਪ੍ਰਬੰਧਾਂ ਨੂੰ ਅੰਤਿਮ ਰੂਪ ਨਹੀਂ ਦੇ ਦਿੱਤਾ ਜਾਂਦਾ ਹੈ। ਪਰਿਵਾਰਕ ਕਾਨੂੰਨ ਪ੍ਰਣਾਲੀ ਦੀਆਂ ਕਈ ਪੜਚੋਲਾਂ ਨੇ ਪਰਿਵਾਰਕ ਕਾਨੂੰਨ ਪ੍ਰਣਾਲੀ ਵਿੱਚ ਪਰਿਵਾਰਕ ਹਿੰਸਾ ਦੇ ਪੀੜਤਾਂ ਦੇ ਅਨੁਭਵਾਂ ਅਤੇ ਸੁਰੱਖਿਆ ਨੂੰ ਬਿਹਤਰ ਬਣਾਉਣ ਲਈ ਮਹੱਤਵਪੂਰਨ ਸਿਫ਼ਾਰਸ਼ਾਂ ਕੀਤੀਆਂ ਹਨ। ਇਹਨਾਂ ਸਿਫ਼ਾਰਸ਼ਾਂ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਅਤੇ, ਜਿੱਥੇ ਉਚਿਤ ਹੋਵੇ, ਲਾਗੂ ਕੀਤਾ ਜਾਣਾ ਚਾਹੀਦਾ ਹੈ। ਪਰਿਵਾਰਕ ਕਾਨੂੰਨ ਪ੍ਰਣਾਲੀ ਵਿੱਚ ਪੇਸ਼ ਕੀਤੀਆਂ ਗਈਆਂ ਹਾਲੀਆ ਪਹਿਲਕਦਮੀਆਂ ਪਰਿਵਾਰਕ ਹਿੰਸਾ ਦਾ ਸਾਹਮਣਾ ਕਰ ਰਹੇ ਪਰਿਵਾਰਾਂ ਲਈ ਮਹੱਤਵਪੂਰਨ ਲਾਭ ਹੋਣ ਨੂੰ ਦਿਖਾ ਰਹੀਆਂ ਹਨ। ਇਹਨਾਂ ਪਹਿਲਕਦਮੀਆਂ ਦਾ ਮੁਲਾਂਕਣ ਕੀਤੇ ਜਾਣ ਦੀ ਲੋੜ ਹੈ ਅਤੇ, ਜਿੱਥੇ ਪ੍ਰਭਾਵਸ਼ਾਲੀ, ਵਿਸਤ੍ਰਿਤ ਅਤੇ ਸਥਾਈ ਤੌਰ 'ਤੇ ਫ਼ੰਡ ਕੀਤੇ ਜਾਣ ਲਈ ਦਿਖਾਇਆ ਗਿਆ ਹੈ।

ਸਾਨੂੰ ਲਿੰਗ-ਆਧਾਰਿਤ ਹਿੰਸਾ ਦੇ ਵਿਸ਼ੇਸ਼ ਰੂਪਾਂ ਬਾਰੇ ਵੀ ਕਾਨੂੰਨ ਸੁਧਾਰ ਦੇਖਣ ਦੀ ਲੋੜ ਹੈ ਜੋ ਕਾਨੂੰਨੀ ਰਹਿੰਦੀਆਂ ਹਨ ਅਤੇ ਜੋ ਔਰਤਾਂ ਅਤੇ ਬੱਚਿਆਂ ਦੇ ਖ਼ਾਸ ਸਮੂਹਾਂ ਨੂੰ ਅਸਧਾਰਨ ਤੌਰ 'ਤੇ ਪ੍ਰਭਾਵਿਤ ਕਰਦੀਆਂ ਹਨ, ਜਿਸ ਵਿੱਚ ਅਪਾਹਜ਼ਤਾ ਵਾਲੀਆਂ ਔਰਤਾਂ ਅਤੇ ਲੜਕੀਆਂ, ਅਤੇ Aboriginal and Torres Strait Islander (ਆਦਿਵਾਸੀ ਅਤੇ ਟੋਰੇਸ ਸਟ੍ਰੇਟ ਆਈਲੈਂਡਰ) ਔਰਤਾਂ ਅਤੇ ਬੱਚੇ ਸ਼ਾਮਲ ਹਨ।

## ਸਾਨੂੰ ਤਕਨਾਲੋਜੀ ਦੁਆਰਾ ਕੀਤੇ ਜਾਣ ਵਾਲੇ ਸੋਸ਼ਣ ਅਤੇ ਔਨਲਾਈਨ ਔਰਤਾਂ ਦੇ ਸੋਸ਼ਣ ਅਤੇ ਨਿਰਾਦਰ 'ਤੇ ਆਪਣਾ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ।

ਤਕਨਾਲੋਜੀ ਦੁਆਰਾ ਕੀਤੇ ਜਾਣ ਵਾਲਾ ਸੋਸ਼ਣ ਅਸਲ ਚਿਰ-ਸਥਾਈ ਨੁਕਸਾਨ ਦਾ ਕਾਰਨ ਬਣਦਾ ਹੈ ਅਤੇ ਭਵਿੱਖ ਵਿੱਚ ਹਿੰਸਾ ਲਈ ਲਾਲ ਝੰਡੀ (ਖ਼ਤਰੇ ਦਾ ਨਿਸ਼ਾਨ) ਹੋ ਸਕਦਾ ਹੈ। ਸਿਖਲਾਈ ਅਤੇ ਜਾਣਕਾਰੀ ਤੱਕ ਪਹੁੰਚ ਕਰਨ ਲਈ ਕਰਮਚਾਰੀ ਦਲ ਨੂੰ ਬਿਹਤਰ ਸਹਾਇਤਾ ਦਿੱਤੀ ਜਾਣੀ ਚਾਹੀਦੀ ਹੈ ਕਿ ਕਿਵੇਂ ਅਪਰਾਧੀ, ਔਰਤਾਂ ਲਈ ਖ਼ਤਰੇ ਪੈਦਾ ਕਰਨ ਲਈ ਨਵੀਆਂ ਅਤੇ ਉੱਭਰ ਰਹੀਆਂ ਤਕਨਾਲੋਜੀਆਂ ਸਮੇਤ ਤਕਨਾਲੋਜੀ ਦੀ ਦੁਰਵਰਤੋਂ ਕਰ ਰਹੇ ਹਨ। ਤਕਨਾਲੋਜੀ ਅਤੇ ਵਿੱਤੀ ਖੇਤਰ ਪਹਿਲਾਂ ਹੀ ਇਸ ਦੁਰਵਰਤੋਂ ਨੂੰ ਬਾਹਰ ਕੱਢਣ ਅਤੇ ਰੋਕਣ ਲਈ ਕਾਰਵਾਈ ਕਰ ਰਹੇ ਹਨ, ਅਤੇ ਇਸ ਅਗਵਾਈ ਨੂੰ ਜਾਰੀ ਰੱਖਣ ਲਈ ਅਤੇ ਸਾਰੇ ਉਤਪਾਦਾਂ ਅਤੇ ਸੇਵਾਵਾਂ ਵਿੱਚ ਡਿਜ਼ਾਈਨ ਦੁਆਰਾ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਨਿੱਜੀ ਖੇਤਰ ਦਾ ਸਮਰਥਨ ਕੀਤਾ ਜਾਣਾ ਚਾਹੀਦਾ ਹੈ। ਸੱਭਿਆਚਾਰ ਵਿੱਚ ਇਹ ਤਬਦੀਲੀਆਂ ਅਨੁਸ਼ਾਸਕੀ (ਰੈਗੂਲੇਟਰੀ( ਅਤੇ ਕਾਨੂੰਨੀ ਜਵਾਬੀ-ਕਾਰਵਾਈ ਦੀਆਂ ਪੂਰਕ ਬਣ ਅਤੇ ਸਹਾਇਤਾ ਕਰ ਸਕਦੀਆਂ ਹਨ।

ਨੌਜਵਾਨਾਂ ਅਤੇ ਔਰਤਾਂ ਲਈ ਬਿਹਤਰ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਜਦੋਂ ਉਹ ਤਕਨਾਲੋਜੀ ਦੀ ਸਹੂਲਤ ਦੁਆਰਾ ਕੀਤੇ ਗਏ ਸ਼ੋਸ਼ਣ ਦਾ ਅਨੁਭਵ ਕਰਦੀਆਂ ਹਨ ਤਾਂ ਜੋ ਉਹ ਤਕਨਾਲੋਜੀ ਦੀ ਵਰਤੋਂ ਕਰਨਾ ਜਾਰੀ ਰੱਖ ਸਕਣ, ਪਰ ਰਿਕਵਰੀ ਨੂੰ ਸਮਰੱਥ ਬਣਾਉਣ ਲਈ ਵੀ ਤਾਂ ਜੋ ਉਹ ਔਨਲਾਈਨ ਸੁਰੱਖਿਅਤ ਮਹਿਸੂਸ ਕਰ ਸਕਣ, ਖ਼ਾਸ ਤੌਰ 'ਤੇ COVID-19 ਦੇ ਕਾਰਨ ਤਕਨਾਲੋਜੀ ਦੀ ਵੱਧ ਰਹੀ ਵਰਤੋਂ ਦੇ ਮੱਦੇਨਜ਼ਰ। ਫਰੰਟਲਾਈਨ ਸੇਵਾ ਪ੍ਰਦਾਤਾਵਾਂ, ਪੁਲਿਸ ਅਤੇ ਨਿਆਂ ਪ੍ਰਣਾਲੀ ਲਈ ਹੋਰ ਵੱਧ ਸਿੱਖਿਆ ਅਤੇ ਸਿਖਲਾਈ ਦੀ ਲੋੜ ਹੈ ਤਾਂ ਜੋ ਤਕਨਾਲੋਜੀ ਦੀ ਸਹੂਲਤ ਵਾਲੀ ਦੁਰਵਰਤੋਂ ਦੀ ਅਸਲੀਅਤ ਅਤੇ ਪ੍ਰਭਾਵ ਦੀ ਸਾਂਝੀ ਸਮਝ ਨੂੰ ਯਕੀਨੀ ਬਣਾਇਆ ਜਾ ਸਕੇ ਅਤੇ ਸ਼ੋਸ਼ਣ ਕਰਨ ਵਾਲਿਆਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ। ਇਹ ਫੋਕਸ (ਧਿਆਨ) ਸੋਸ਼ਣ ਕਰਨ ਵਾਲਿਆਂ ਦੇ ਵਿਵਹਾਰ 'ਤੇ ਹੋਣਾ ਚਾਹੀਦਾ ਹੈ, ਨਾ ਕਿ ਤਕਨੀਕ ਦੀ ਦੁਰਵਰਤੋਂ 'ਤੇ। ਜਵਾਬੀ-ਕਾਰਵਾਈ ਨੂੰ ਕੁੱਝ ਔਰਤਾਂ, ਉਦਾਹਰਨ ਲਈ, ਅਪਾਹਜ਼ਤਾ ਵਾਲੀਆਂ ਔਰਤਾਂ 'ਤੇ ਟੈਕਨਾਲੋਜੀ-ਦੁਆਰਾ ਕੀਤੇ ਗਏ

ਸ਼ੋਸ਼ਣ ਦੇ ਅਸਪਸ਼ਟ ਪ੍ਰਭਾਵ ਨੂੰ ਪਛਾਣਨਾ ਚਾਹੀਦਾ ਹੈ। ਜਵਾਬੀ-ਪ੍ਰਤੀਕਰਮ ਵਿੱਚ ਭਲਾਈ ਲਈ ਤਕਨਾਲੋਜੀ ਦੀ ਵਰਤੋਂ ਵੀ ਸ਼ਾਮਲ ਹੋਣੀ ਚਾਹੀਦੀ ਹੈ।

## ਲਿੰਗ-ਆਧਾਰਿਤ ਹਿੰਸਾ ਨੂੰ ਹੱਲ ਕਰਨਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ

ਲਿੰਗ-ਆਧਾਰਿਤ ਹਿੰਸਾ ਨੂੰ ਰੋਕਣਾ, ਜਵਾਬ ਦੇਣਾ ਅਤੇ ਹੱਲ ਕਰਨਾ ਹਰ ਕਿਸੇ ਦੀ ਜ਼ਿੰਮੇਵਾਰੀ ਹੈ। ਭਾਵੇਂ ਕਿ ਸੁਭਾਅ ਵਿੱਚ ਲਿੰਗੀ ਹੈ, ਲਿੰਗ-ਅਧਾਰਤ ਹਿੰਸਾ ਦੀ ਪਲੇਗ ਨੂੰ ਖ਼ਤਮ ਕਰਨ ਲਈ ਸਮੁੱਚੇ ਭਾਈਚਾਰੇ ਦੀ ਪ੍ਰਤੀਕਿਰਿਆ ਦੀ ਲੋੜ ਹੈ।

ਸਾਨੂੰ ਸਾਰੀਆਂ ਸੈਟਿੰਗਾਂ - ਕੰਮ, ਸਿੱਖਿਆ, ਖੇਡ, ਭਾਈਚਾਰੇ - ਵਿੱਚ ਨਿਰਾਦਰ-ਪੂਰਵਕ ਵਿਵਹਾਰ ਨੂੰ ਬਾਹਰ ਕੱਢਣ ਅਤੇ ਲਿੰਗ ਸਮਾਨਤਾ ਨੂੰ ਸ਼ਾਮਲ ਕਰਨ ਲਈ ਕੀਤੇ ਗਏ ਕੰਮ ਨੂੰ ਦੇਖਣਾ ਚਾਹੀਦਾ ਹੈ।

ਸਾਰੀਆਂ ਸੈਟਿੰਗਾਂ ਨੂੰ ਪੀੜਤ-ਬਚਣ ਵਾਲਿਆਂ ਦੇ ਅਨੁਭਵਾਂ ਦਾ ਬਿਹਤਰ ਜਵਾਬ ਦੇਣ ਅਤੇ ਹਿੰਸਾ ਅਤੇ ਸ਼ੋਸ਼ਣ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਆਪਣੇ ਵਿਵਹਾਰ ਨੂੰ ਬਦਲਣ ਦੀ ਯਾਤਰਾ ਸ਼ੁਰੂ ਕਰਨ ਦੇ ਯੋਗ ਬਣਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਅਸੀਂ ਲਿੰਗ-ਆਧਾਰਿਤ ਹਿੰਸਾ ਨੂੰ ਖ਼ਤਮ ਕਰ ਸਕੀਏ।